# ଡିଜିଟଲ ଯୁଗମାଁ ପଢ଼ି

ଜୁଲାଇ 2024

# ਡਿਜੀਟਲ ਕਲਮਾਂ ਵਾਲੇ

## ਜੁਲਾਈ ੨੦੨੪



# ਡਿਜੀਟਲ ਕਲਮਾਂ ਵਾਲੇ

## ਜੁਲਾਈ 2024

## ( ਪਹਿਲਾ ਅੰਕ )

ਇੰਸਟਾਗ੍ਰਾਮ: aunde_jande_khiyal

ਮੋਬਾਈਲ ਨੰਬਰ : ±91 9779670711

ਪੀ ਡੀ ਐੱਫ ਐਡੀਟਰ: gurigurpreet498

Published on : 01 July 2024

ਸੰਪਾਦਕ : ਗੁਰਪ੍ਰੀਤ ਗੁਰੀ , ਰਬਾਬਪ੍ਰੀਤ ਕੌਰ , ਰਜਵਿੰਦਰ ਕੌਰ , ਕਰੇਜ਼ੀ ਰਾਇਟਰ

DIGITALKALMANWALE@GMAIL.COM

©Writers

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਤਤਕਰਾ


1. ਬੇਲ ਪੱਤਰ 06
2. ਰਿਸ਼ਤੇ 15
3. ਸੁਨਿਹਰੀ ਗੋਟੇ ਵਾਲੀ ਚੁੰਨੀ 19
4. ਪਸ਼ੂਆਂ ਵਾਲਾ ਛਤੜਾ 30
5. ਅਖ਼ੀਰ ਤੱਕ 33
6. ਪਿਆਸੀ ਜ਼ਮੀਨ 35
7. ਉਮੀਦ 38
8. ਸਕੂਟਰ ਤੋਂ ਸਟੇਜ 42
9. ਬੱਬਰੇ 50
10. ਮੈਂ ਵਿਆਹੀ ਹੋਈ ਨਹੀ ਹਾਂ 58
11. ਗੁਲਾਬ ਵਾਂਗਰਾ 67
12. ਕੀ ਲੈਣਾ 68
13. ਵੈਰ 69

14. ਪਾਗ਼ਲ 70

15. ਦੋ ਮੂੰਹਾਂ ਸਮਾਜ 71

16. ਹਕੀਕਤ 73

17. ਅੱਖਾਂ ਤੇਰੀਆਂ ਨੂੰ 74

18. ਸੁਪਨੇ 76

19. ਚਾਹ ਦਾ ਪਿਆਲਾ 78

20. ਖ਼ੁਸ਼ੀਆਂ ਗਮੀਆਂ 79

21. ਧੰਨਵਾਦ ਤੇਰਾ 80

22. ਕੀ ਸੋਚਦੇ ਹੋਣਗੇ ਉਹ 82

23. ਚੰਗਾ ਲੱਗਦਾ ਏ 85

24. ਕਾਸ਼ 86

25. ਪੱਥਰ ਦਿਲ ਕੁੜੀ 87

26. ਧਰਮ ਬਚਾਈਏ 88

27. ਉਡੀਕ 90

28. ਮੇਰੇ ਗੀਤ 92

29. ਰਿਸ਼ਮਾਂ 93

30. ਕਦੋਂ ਤੀਕ 95

31. ਜਜ਼ਬਿਆ ਭਰੀ ਕਹਾਣੀ 96

32. ਪੱਤਝੜ 97

33. ਮਰ ਜਾਣਾ ਏ 98

34. ਜਗਦੇ ਜੁਗਨੂੰ 99

35. ਅੱਜ ਸਵੇਰੇ 100

36. ਸ਼ਾਇਰੀ ਓਹਦੀ 102

# ਬੇਲ ਪੱਤਰ

ਸੰਨ 1958 - ਮਾਤਾ ਰਾਣੀ ਦੇ ਮੰਦਰ ਦੇ ਬਾਹਰ ਅੱਜ ਖ਼ਾਸਾ ਇਕੱਠ ਸੀ। ਪਿੰਡ ਦੀ ਪੰਚਾਇਤ ਵੀ ਪਹੁੰਚੀ ਹੋਈ ਸੀ। ਪੁਜਾਰੀ ਪੂਰਾ ਹਰਖਿਆ ਹੋਇਆ ਕਹਿ ਰਿਹਾ ਸੀ, " ਅੱਜ ਲਗਾਤਾਰ ਤੀਜਾ ਦਿਨ ਹੋ

ਗਿਆ, ਰੋਜ ਰਾਤ ਨੂੰ ਮੰਦਰ ਦੀ ਕੰਧ ਟੱਪ ਬੰਦਾ ਆਉਂਦਾ, ਉਹ ਤਾਂ ਮੇਰੀ ਅੱਖ ਖੁੱਲ੍ਹ ਗਈ ਤੇ ਉਹ ਓਨੀ ਪੈਰੀਂ ਮੁੜ ਗਿਆ, ਨਹੀਂ ਤਾਂ ਕਹਿਰ ਢਹਿ ਜਾਣਾ ਸੀ"।

ਤਾਰਾ ਮੈਂਬਰ ਬੋਲਿਆ, " ਪੰਡਿਤ ਜੀ ਪੱਕਾ ਉਹ ਬੰਦਾ ਹੀ ਸੀ ? ਹੋ ਸਕਦਾ ਕੋਈ ਜਨੌਰ ਹੋਵੇ,ਜਿਹੜਾ ਐਨੀ ਉੱਚੀ ਕੰਧ ਟੱਪ ਗਿਆ।"

"ਨਾ ਹੋਰ ਮੈ ਝੂਠ ਮਾਰਦਾਂ ? ਤੇਰਾ ਮਤਲਬ ਆ ਵੀ ਮੈਨੂੰ ਬੰਦੇ ਤੇ ਜਨੌਰ ਚ ਫ਼ਰਕ ਨੀ ਪਤਾ ਹੈਂ ?" ਪੁਜਾਰੀ ਪੂਰਾ ਹਰਖ ਵਿੱਚ ਸੀ।

ਉਹ ਤੁਸੀਂ ਸ਼ਾਂਤ ਹੋਕੇ ਬੈਠੋ ਪੰਡਿਤ ਜੀ ... ਇਹ ਤਾਰੇ ਦਾ ਮਤਲਬ ਆ ਵੀ ਰਾਤ ਦਾ ਵੇਲਾ ਸੀ .... ਹਨੇਰਾ ਬਹੁਤ ਸੀ .. ਗੁੱਸਾ ਨਾ ਕਰੋ ... ਸਰਪੰਚ ਨੇ ਗੱਲ ਸੰਭਾਲਦੇ ਕਿਹਾ।

ਜਿੰਨਾ ਮਰਜੀ ਹਨੇਰਾ ਹੋਵੇ ਪਰ ਮੈਂ ਆਪਣੀਆਂ ਇਹਨਾਂ ਅੱਖਾਂ ਨਾਲ ਦੇਖਿਆ .... ਪੂਰਾ ਬਣਿਆ ਤਣਿਆ ਬੰਦਾ ਸੀ ... ਨਾਲੇ ਜੇ ਨਹੀਂ ਯਕੀਨ ਤਾਂ ਆਓ ਕੰਧ ਕੋਲ ਪੈੜਾਂ ਦਿਖਾਵਾਂ ....। ਪੁਜਾਰੀ ਸਾਰਿਆਂ ਨੂੰ ਪੈਰਾਂ ਦੇ ਨਿਸ਼ਾਨ ਦਿਖਾਉਂਦਾ ਹੈ। ਪਰ ਤੜਕੇ ਸੰਦੇਹਾਂ ਥੋੜਾ ਜਿਹਾ ਮੀਂਹ ਪੈ ਗਿਆ ਸੀ , ਜਿਸ ਕਰਕੇ ਨਿਸ਼ਾਨ ਖਰਾਬ ਹੋਗੇ ਸਨ , ਚਿੱਕੜ ਹੋਇਆ ਪਿਆ ਸੀ। ਕੁਝ ਪਤਾ ਤਾਂ ਨਹੀਂ ਸੀ ਲੱਗ ਰਿਹਾ।

ਪਰ ਪੰਡਿਤ ਦੇ ਭਰੋਸੇ ਲਈ ਲੱਭੇ ਕਾ ਛਿੰਦਾ ਬੋਲਿਆ " ਹਾਂ ਪੰਡਿਤ ਜੀ ... ਲੱਗਦਾ ਤਾਂ ਬੰਦਾ ਹੀ ਆ।

ਕਿਉਂ ਹੁਣ ਆ ਗਿਆ ਯਕੀਨ ? ਤਿੰਨ ਦਿਨ ਹੋਗੇ ਮੈਨੂੰ ਰੌਲਾ ਪਾਉਂਦੇ ਨੂੰ .... ਪਰ ਮੇਰੀ ਸੁਣਦਾ ਕੌਣ ਆ .... ਨਾਲੇ ਪਤਾ ਵੀ ਮੰਦਿਰ ਚ ਕਿੰਨਾ ਕੀਮਤੀ ਸਮਾਨ ਪਿਆ .... ਲੱਖਾਂ ਰੁਪਏ ਦੇ ਗਹਿਣੇ ਆ ਮਾਤਾ ਦੇ .... ਕੋਈ ਜਨੌਰ ਥੋੜਾ

ਆਊ ਚੋਰੀ ਕਰਨ ? ਉਹ ਜੋ ਵੀ ਆ ਇਹਨਾਂ ਗਹਿਣਿਆਂ ਲਈ ਹੀ ਆਉਂਦਾ ....।

ਸਰਪੰਚ ਬੋਲਿਆ " ਤੁਸੀਂ ਫ਼ਿਕਰ ਨਾ ਕਰੋ ਪੰਡਿਤ ਜੀ .... ਕਰਦੇ ਹਾਂ ਕੋਈ ਹੀਲਾ ...। ਜੋ ਵੀ ਕਰਨਾ ਛੇਤੀ ਕਰੋ .... ਮੈ ਰਾਤ ਨੂੰ ਏਥੇ ਇਕੱਲਾ ਹੁੰਨਾ .... ਜੇ ਕੱਲ੍ਹ ਨੂੰ ਦੋ ਆਗੇ ਤਾਂ ਮੈ ਕੀ ਕਰ ਲਊਂ ਉਹਨਾਂ ਮੂਹਰੇ। ਫਿਰ ਪੰਚਾਇਤ ਨੇ ਪੰਜ ਛੇ ਹੋਰ ਜਾਣਿਆਂ ਨਾਲ ਰਲਕੇ ਇੱਕ ਫੈਸਲਾ ਲਿਆ ਪਰ ਇਕੱਠ ਨੂੰ ਫ਼ੈਸਲੇ ਬਾਰੇ ਨਾ ਦੱਸਿਆ।

ਕਿਉਂਕਿ ਜੇ ਕੋਈ ਬੰਦਾ ਹੋਇਆ ਤਾਂ ਹੋ ਸਕਦਾ ਉਹ ਏਥੇ ਹੀ ਹੋਵੇ ਤੇ ਉਹਨੂੰ ਸਕੀਮ ਦਾ ਪਤਾ ਲੱਗ ਜਾਏ। ਫੈਸਲਾ ਇਹ ਹੋਇਆ ਕਿ ਅੱਜ ਰਾਤ ਨੂੰ ਮੰਦਿਰ ਚ ਪਹਿਰਾ ਲਾਇਆ ਜਾਵੇਗਾ। ਇਸ ਬਾਰੇ ਸਿਰਫ਼ ਪੁਜਾਰੀ ਨੂੰ ਦੱਸਿਆ ਗਿਆ। ਰਾਤ ਨੂੰ ਹਨੇਰੇ ਹੋਏ ਤਿੰਨ ਬੰਦੇ ਮੰਦਿਰ ਚ ਆਗੇ ਪਹਿਰਾ ਦੇਣ ਲਈ। ਲੱਭੇ ਕਾ ਛਿੰਦਾ , ਜੰਟਾ ਲੰਬੜਦਾਰ ਤੇ ਮਿੱਠੂ।

ਪੁਜਾਰੀ ਅਜੇ ਅੰਦਰ ਆਪਣੀ ਪੂਜਾ ਅਰਚਨਾ ਕਰ ਰਿਹਾ ਸੀ ਤੇ ਉਹ ਤਿੰਨੇ ਮੰਦਿਰ ਦੇ ਮੂਹਰਲੇ ਬਰਾਂਡੇ ਬੈਠੇ ਸਨ। ਹੱਥਾਂ ਵਿੱਚ ਸਾਰਿਆਂ ਦੇ ਡਾਂਗਾਂ ਸੀ। ਮਿੱਠੂ ਕਹਿੰਦਾ " ਕੋਈ ਗੰਡਾਸਾ ਵੀ ਲੈ ਆਉਂਦੇ .... ਕੱਲੀਆਂ ਡਾਂਗਾਂ ਨਾਲ ਕੀ ਬਣੂ ? ਗੰਡਾਸਾ ਕਿਉਂ ... ਰਫ਼ਲ ਲੈਕੇ ਆਉਣੀ ਸੀ ... ਛਿੰਦਾ ਹਸਦਾ ਹੋਇਆ ਬੋਲਿਆ।

ਮਿੱਠੂ - ਲੈ .... ਜੇ ਅਗਲਿਆਂ ਕੋਲੇ ਹਥਿਆਰ ਹੋਏ ਫੇਰ

ਜੰਟਾ - ਕਿਉਂ ਡਰਾਈ ਜਾਨਾ ਯਰ ਮਿੱਠੂਆ .... ਏਥੇ ਕੌਣ ਆਊ ਹਥਿਆਰ ਲੈਕੇ ...

ਮਿੱਠੂ - ਛਿੰਦੇ ਤੂੰ ਸੱਚੀਂ ਦੇਖੇ ਸੀ ਬੰਦੇ ਦੇ ਪੈਰਾਂ ਦੇ ਨਿਸ਼ਾਨ ?

ਛਿੰਦਾ - ਕਾਹਨੂੰ ਯਰ .... ਮੈਨੂੰ ਤਾਂ ਕੁਝ ਸਮਾਰ ਕੇ ਪਤਾ ਨੀ ਲੱਗਿਆ .... ਮੈ

ਤਾਂ ਐਵੇਂ ਹੀ ਹਾਮੀ ਜੀ ਭਰਤੀ ... ਐਨੇ ਨਾਲ ਪੰਡਿਤ ਖ਼ੁਸ਼ ਹੋ ਗਿਆ ...
ਤਿੰਨੇ ਹੱਸਣ ਲੱਗੇ .... ਫਿਰ ਇੱਕ ਦੂਜੇ ਨੂੰ ਇਸ਼ਾਰਾ ਕੀਤਾ ਵੀ ਕਿਤੇ ਪੰਡਿਤ ਸੁਣ ਵੀ ਨਾ ਲਵੇ। ਮਿੱਠੂ ਅੰਗੜਾਈ ਜੀ ਲੈਂਦਾ ਬੋਲਿਆ " ਆਹ ਪਹਿਰੇ ਵਾਲਾ ਤਾਂ ਸਰਪੰਚ ਨੇ ਹੋਰ ਹੀ ਪੰਗਾ ਪਾਤਾ ਯਰ ... ਨਾ ਏਥੇ ਕੁਝ ਖਾ ਸਕਦੇ ਹਾਂ ਨਾ ਪੀ ਸਕਦੇ ਹਾਂ ....। ਇੱਕ ਦਿਨ ਨਾ ਪੀਣ ਨਾਲ ਮਰ ਥੋੜਾ ਚੱਲਿਆਂ ... ਜੰਟੇ ਨੇ ਜਵਾਬ ਦਿੱਤਾ।
ਛਿੰਦਾ - ਯਰ ਪੰਡਿਤ ਨੂੰ ਕਹਿ ਆਪਾਂ ਨੂੰ ਚਾਹ ਹੀ ਕਰਕੇ ਪਿਆਦੇ .... ਸਾਰੀ ਰਾਤ ਕਿਵੇਂ ਕੱਟਾਂਗੇ ...
ਜੰਟਾ - ਪੰਡਿਤ ਤੈਨੂੰ ਤਾਂ ਕਿਤੇ ਸ਼ਰਬਤ ਨਾ ਪਿਆਦੇ .... ਉਹ ਤਾਂ ਆਪਣੇ ਕੋਲ ਆਕੇ ਵੀ ਨਹੀਂ ਬਹਿੰਦਾ
ਮਿੱਠੂ - ਕਿਉਂ ਬਈ .... ਕੋਲ ਕਿਉਂ ਨੀ ਆਉਂਦਾ ...
ਜੰਟਾ - ਉਹ ਆਵਦੇ ਆਪ ਨੂੰ ਉੱਚੀ ਜਾਤ ਦਾ ਮੰਨਦਾ ਭਰਾਵਾ ... ਨਾਲੇ ਉਹ ਕਹਿੰਦਾ ਤੁਸੀਂ ਖਾਣ-ਪੀਣ ਵਾਲੇ ਬੰਦੇ ਓ .... ਥੋਡੇ ਨਾਲ ਬਹਿਕੇ ਮੇਰਾ ਧਰਮ ਭ੍ਰਿਸ਼ਟ ਹੋਜੂ।
ਛਿੰਦਾ - ਅੱਛਾ ਕੇ ... ਲੈ ਇਹਦੇ ਵਾਲਾ ਤਾਂ ਸਰਿਆ ਹੀ ਪਿਆ ...
ਅੱਧੀ ਰਾਤ ਤੱਕ ਤਿੰਨੇ ਬਰਾਂਡੇ ਚ ਬੈਠੇ ਗੱਲਾਂ ਕਰਦੇ ਰਹੇ , ਫਿਰ ਪਤਾ ਨਹੀਂ ਕਿਵੇਂ ਬੈਠਿਆਂ ਦੀ ਅੱਖ ਲੱਗ ਗਈ। ਓਧਰ ਪੰਡਿਤ ਵੀ ਅੰਦਰ ਮੂਰਤੀ ਕੋਲ ਸੌਂ ਗਿਆ। ਤੜਕੇ ਪੰਜ ਕ ਵਜੇ ਇੱਕ ਅਵਾਜ ਨਾਲ ਸਾਰੇ ਜਾਗ ਜਾਂਦੇ ਨੇ। ਉਹ ਅਵਾਜ ਸੀ ਕੰਧ ਨਾਲ ਲੱਗੇ ਦਰੱਖਤ ਦਾ ਡਾਹਣਾ ਟੁੱਟਣ ਦੀ।
ਪੰਡਿਤ ਨੇ ਰੌਲਾ ਪਾ ਦਿੱਤਾ .... ਬੰਦਾ ਬੰਦਾ ....। ਉਹ ਤਿੰਨੇ ਲਾਲਟੈਣ ਲੈਕੇ ਉਸ ਪਾਸੇ ਭੱਜੇ ਜਿੱਥੋਂ ਅਵਾਜ ਆਈ ਸੀ। ਉਹਨਾਂ ਦੇਖਿਆ ਕਿ ਸੱਚੀਓਂ ਹੀ ਇੱਕ ਬੰਦਾ ਕੰਧ ਟੱਪ ਕੇ ਬਾਹਰ ਜਾਣ ਦੀ ਕੋਸ਼ਿਸ਼ ਕਰ ਰਿਹਾ। ਉਹਨੇ

ਆਪਣੇ ਉੱਪਰ ਲੋਈ ਲਪੇਟੀ ਹੋਈ ਸੀ ਤੇ ਉਹਦੇ ਕੋਲ ਇੱਕ ਝੋਲਾ ਸੀ। ਜੰਟੇ ਨੇ ਉਹਦੇ ਡਾਂਗ ਮਾਰੀ ਤਾਂ ਉਹ ਹੇਠਾਂ ਚਿੱਕੜ ਚ ਡਿੱਗ ਪਿਆ।

ਉਹਨਾਂ ਨੇ ਉਸ ਚੋਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹਦੀ ਲੋਈ ਲਹਿ ਗਈ ਤਾਂ ਉਹਦਾ ਮੂੰਹ ਸਿਰ ਚਿੱਕੜ ਨਾਲ ਲਿੱਬੜ ਗਿਆ। ਹਨੇਰਾ ਹੋਣ ਕਰਕੇ ਉਹਦੀ ਪਛਾਣ ਵੀ ਨਹੀਂ ਸੀ ਆ ਰਹੀ। ਉਹ ਸਾਰੇ ਬਸ ਉਹਨੂੰ ਕੁੱਟ ਰਹੇ ਸਨ। ਜਦੋਂ ਰੌਲਾ ਪਿਆ ਤਾਂ ਆਸਪਾਸ ਦੇ ਘਰਾਂ ਤੋਂ ਵੀ ਲੋਕ ਮੰਦਿਰ ਵਿੱਚ ਆ ਗਏ।

ਪੁਜਾਰੀ ਉੱਚੀ ਉੱਚੀ ਸਾਰਿਆਂ ਨੂੰ ਬੋਲ ਰਿਹਾ ਸੀ " ਦੇਖਿਆ .... ਮੈ ਕਹਿੰਦਾ ਸੀ ਨਾ ਵੀ ਕੋਈ ਚੋਰ ਆਉਂਦਾ ਰੋਜ .... ਤੁਸੀਂ ਮੇਰੀ ਗੱਲ ਨਹੀਂ ਸੀ ਮੰਨਦੇ ... ਆਹ ਦੇਖਲੋ ਹੁਣ ਤੁਹਾਡੇ ਸਾਹਮਣੇ ... , ਮਾਤਾ ਦੇ ਗਹਿਣੇ ਚੋਰੀ ਕਰਨ ਆਇਆ ਸੀ .... ਰੰਗੇ ਹੱਥੀਂ ਫੜ੍ਹਿਆ। ਜਿਹੜਾ ਵੀ ਆਉਂਦਾ ਉਸ ਚੋਰ ਨੂੰ ਕੁੱਟਣ ਲੱਗ ਜਾਂਦਾ। ਲੋਕਾਂ ਨੇ ਉਹਨੂੰ ਥੰਮ ਨਾਲ ਬੰਨ੍ਹ ਲਿਆ ਸੀ।

ਫਿਰ ਕਿਸੇ ਨੇ ਕਿਹਾ " ਓਏ ਇਹਦੀ ਪਛਾਣ ਤਾਂ ਕਰਲੋ ਵੀ ਕੌਣ ਆ .... ਕੋਈ ਪਿੰਡ ਦਾ ਹੀ ਆ ਕਿ ਬਾਹਰੋਂ ਆ। ਮਿੱਠੂ ਨੇ ਦੋ ਲਫੇੜੇ ਲਾਉਂਦਿਆਂ ਪੁੱਛਿਆ " ਦੱਸ ਓਏ ਕੌਣ ਆ ਤੂੰ .... ? ਪਰ ਉਹਦੇ ਤੋਂ ਬੋਲਿਆ ਨਾ ਗਿਆ , ਉਹ ਤਾਂ ਠੀਕ ਤਰ੍ਹਾਂ ਨਾਲ ਖੜਾ ਵੀ ਨਹੀਂ ਸੀ ਹੋ ਪਾ ਰਿਹਾ। ਲੋਕਾਂ ਨੇ ਕੁੱਟ ਕੁੱਟ ਉਹਨੂੰ ਅਧਮੋਇਆ ਕਰ ਦਿੱਤਾ ਸੀ।

ਫਿਰ ਇੱਕ ਬੰਦੇ ਨੇ ਪਾਣੀ ਦੀ ਬਾਲਟੀ ਭਰਕੇ ਉਹਦੇ ਤੇ ਪਾ ਦਿੱਤੀ। ਉਹਦੇ ਚਿਹਰੇ ਤੋਂ ਚਿੱਕੜ ਲੱਥਿਆ ਤਾਂ ਲੋਕਾਂ ਨੇ ਲਾਲਟੈਣ ਦੀ ਰੌਸ਼ਨੀ ਚ ਦੇਖਿਆ। ਜਦੋਂ ਪਤਾ ਲੱਗਿਆ " ਓਏ ਇਹ ਤਾਂ ਸੱਤੂ ਆ। ਹੈਂ ਸੱਤੂ ... ? ਹਾਂ ਇਹ ਤਾਂ ਵਿਹੜੇ ਵਾਲਾ ਸੱਤੂ ਹੀ ਆ .... ।

ਸੱਤੂ ਇੱਕ ਉੱਨੀ ਕ ਸਾਲ ਦਾ ਬਸਤੀ ਵਾਲਿਆਂ ਦਾ ਮੁੰਡਾ ਸੀ। ਉਹਦਾ ਪਿਓ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ ਪਰ ਤਿੰਨ ਸਾਲ ਪਹਿਲਾਂ ਉਹਦੀ ਮੌਤ ਹੋ ਗਈ ਸੀ। ਓਹਤੋਂ ਬਾਅਦ ਸੱਤੂ ਦਿਹਾੜੀ ਕਰਨ ਲੱਗ ਪਿਆ ਤੇ ਉਹਦੀ ਮਾਂ ਲੋਕਾਂ ਦਾ ਗੋਹਾ ਕੂੜਾ ਕਰਦੀ। ਤਾਂ ਕਿਤੇ ਘਰ ਦਾ ਗੁਜ਼ਾਰਾ ਚੱਲਦਾ। ਸੱਤੂ ਦੇ ਦੋ ਛੋਟੀਆਂ ਭੈਣਾਂ ਤੇ ਇੱਕ ਭਰਾ ਸੀ।

ਓਏ ਸੱਤੂ ਤੂੰ ਮਾਤਾ ਦੇ ਗਹਿਣੇ ਚੋਰੀ ਕਰਨ ਆਇਆ ਸੀ ? ਪਾਪੀਆ ... ਇਹ ਪਾਪ ਕਰਦਿਆਂ ਤੈਨੂੰ ਸ਼ਰਮ ਨੀ ਆਈ ? ਲੋਕ ਉਹਨੂੰ ਤਰ੍ਹਾਂ ਤਰ੍ਹਾਂ ਦੇ ਤਾਅਨੇ ਮਾਰ ਰਹੇ ਸਨ। ਜਦੋਂ ਪੰਡਿਤ ਨੂੰ ਪਤਾ ਲੱਗਿਆ ਕਿ ਚੋਰ ਇੱਕ ਛੋਟੀ ਜਾਤੀ ਦਾ ਬੰਦਾ ਹੈ ਤਾਂ ਉਹਦਾ ਗੁੱਸਾ ਹੋਰ ਵੀ ਵਧ ਗਿਆ।

ਉਹ ਬੋਲਣ ਲੱਗਿਆ " ਇਸ ਨੀਚ ਜਾਤ ਤੋਂ ਹੋਰ ਕੀ ਉਮੀਦ ਕਰਦੇ ਹੋਂ ... ਇਹਦੇ ਤਾਂ ਏਥੇ ਪੈਰ ਵੀ ਨਹੀ ਪੈਣੇ ਚਾਹੀਦੇ ... ਮੰਦਿਰ ਦੀ ਗਰਿਮਾ ਭੰਗ ਕਰਤੀ ਇਹਨੇ ..... ਇਹਨੇ ਆਪਣੇ ਇਹਨਾਂ ਹੱਥਾਂ ਨਾਲ ਮੂਰਤੀ ਦੇ ਗਹਿਣੇ ਲਾਹੇ ਆ ... ਮਹਾਂ ਪਾਪ ਹੋ ਗਿਆ .... ਮਾਤਾ ਰਾਣੀ ਕ੍ਰੋਧਿਤ ਹੋਊ ਹੁਣ ... ਸੱਤ ਯੱਗ ਕਰਨੇ ਪੈਣਗੇ ਇਸ ਪਾਪ ਨੂੰ ਧੋਣ ਲਈ .... ਕਮਜਾਤੇ ਤੇਰੀ ਹਿੰਮਤ ਕਿਵੇਂ ਹੋਈ ਮੰਦਿਰ ਚ ਪੈਰ ਪਾਉਣ ਦੀ।

ਪੰਡਿਤ ਦੇ ਇਹ ਬੋਲ ਲੋਕਾਂ ਚ ਹੋਰ ਵੀ ਗੁੱਸਾ ਭਰ ਰਹੇ ਸਨ। ਲੋਕਾਂ ਦਾ ਗੁੱਸਾ ਦੱਸ ਰਿਹਾ ਸੀ ਕਿ ਉਹ ਅੱਜ ਸੱਤੂ ਨੂੰ ਮਾਰ ਹੀ ਦੇਣਗੇ। ਕੁਝ ਸਮੇਂ ਬਾਅਦ ਸਰਪੰਚ ਵੀ ਪਹੁੰਚ ਗਿਆ। ਓਦੋਂ ਤੱਕ ਦਿਨ ਦਾ ਉਜਾਲਾ ਹੋਣ ਲੱਗਿਆ ਸੀ। ਸਰਪੰਚ ਨੇ ਸਭ ਤੋਂ ਪਹਿਲਾਂ ਲੋਕਾਂ ਨੂੰ ਸ਼ਾਂਤ ਕੀਤਾ। ਪਰ ਪੁਜਾਰੀ ਪੂਰਾ ਭਖਿਆ ਹੋਇਆ ਸੀ। ਚੋਰੀ ਨਾਲੋਂ ਜਿਆਦਾ ਉਹਨੂੰ ਇਸ ਗੱਲ ਦਾ ਗੁੱਸਾ ਸੀ ਕਿ ਸੱਤੂ ਦੇ ਪੈਰ ਮੰਦਿਰ ਚ ਕਿਉਂ ਪਏ।

ਸਰਪੰਚ ਨੇ ਵੀ ਸੱਤੂ ਨੂੰ ਪੁੱਛਿਆ ਕਿ ਤੂੰ ਇਹ ਪਾਪ ਕਿਉਂ ਕੀਤਾ। ਪਰ ਸੱਤੂ

ਤੋਂ ਕੁਝ ਨਾ ਬੋਲਿਆ ਗਿਆ , ਉਹ ਬਸ ਰੋ ਰਿਹਾ ਸੀ। ਛਿੰਦਾ ਉਹ ਝੋਲਾ ਚੱਕ ਲਿਆਇਆ ਜੋ ਸੱਤੂ ਕੋਲੋਂ ਡਿੱਗ ਪਿਆ ਸੀ। ਪੁਜਾਰੀ ਬੋਲਿਆ " ਆਹ ਆਪ ਹੀ ਦੇਖ ਲੋ ਸਰਪੰਚ ਸਾਹਿਬ ... ਦੇਖੋ ਕੀ ਕੁਝ ਚੋਰੀ ਕਰਕੇ ਭੱਜ ਰਿਹਾ ਸੀ ਇਹ ਨੀਚ।

ਸਰਪੰਚ ਨੇ ਝੋਲਾ ਖੋਲ੍ਹ ਕੇ ਦੇਖਿਆ ਤਾਂ ਹੈਰਾਨ ਰਹਿ ਗਿਆ। ਉਹਨੇ ਸਾਰਿਆਂ ਸਾਹਮਣੇ ਝੋਲਾ ਉਲਟਾ ਦਿੱਤਾ। ਗਹਿਣੇ ਕਿੱਥੇ .... ਝੋਲੇ ਚੋਂ ਨਿਕਲੇ ਤਿੰਨ ਬੇਲ ਪੱਤਰ ( ਇੱਕ ਫਲ ਜੋ ਜਿਆਦਾਤਰ ਮੰਦਿਰਾਂ ਦਰਗਾਹਾਂ ਚ ਲੱਗਿਆ ਹੁੰਦਾ )। ਉਸ ਮੰਦਿਰ ਵਿੱਚ ਬੇਲ ਪੱਤਰ ਦਾ ਇੱਕ ਦਰੱਖਤ ਲੱਗਿਆ ਸੀ ਜੋ ਬਹੁਤ ਪੁਰਾਣਾ ਸੀ। ਪੂਰੇ ਇਲਾਕੇ ਚ ਬੇਲ ਪੱਤਰ ਦਾ ਉਹ ਇੱਕ ਹੀ ਦਰੱਖਤ ਸੀ। ਉਸਦੇ ਫਲਾਂ ਨੂੰ ਮਾਤਾ ਦੇ ਪ੍ਰਸ਼ਾਦ ਦੇ ਰੂਪ ਚ ਲੋਕਾਂ ਵਿੱਚ ਵੰਡਿਆ ਜਾਂਦਾ ਸੀ।

ਜਦੋਂ ਸੱਤੂ ਦੇ ਝੋਲੇ ਚੋਂ ਗਹਿਣਿਆਂ ਦੀ ਥਾਂ ਤੇ ਬੇਲ ਪੱਤਰ ਨਿਕਲੇ ਤਾਂ ਇਹ ਦੇਖ ਕੇ ਸਭ ਦੇ ਹੋਸ਼ ਉੱਡ ਗਏ। ਕਿਸੇ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। ਪੁਜਾਰੀ ਵੀ ਹੱਕਾ ਬੱਕਾ ਸੀ , ਉਹ ਗੁੱਸੇ ਚ ਪੁੱਛਣ ਲੱਗਿਆ " ਓਏ ਮਾਤਾ ਦੇ ਗਹਿਣੇ ਕਿੱਥੇ ਆ ਪਾਪੀਆ ... ।

ਐਨੇ ਨੂੰ ਪੰਚਾਇਤ ਦਾ ਇੱਕ ਮੈਂਬਰ ਜੋ ਅੰਦਰ ਵਾਰਦਾਤ ਚੈਕ ਕਰਨ ਗਿਆ ਸੀ , ਉਹ ਆਇਆ ਤੇ ਬੋਲਿਆ " ਗਹਿਣਿਆਂ ਨੂੰ ਤਾਂ ਕਿਸੇ ਨੇ ਹੱਥ ਵੀ ਨਹੀਂ ਲਾਇਆ ... ਗੋਲਕ ਵੀ ਬਿਲਕੁਲ ਸਹੀ ਸਲਾਮਤ , ਸਾਰੇ ਗਹਿਣੇ ਆਪਣੀ ਜਗ੍ਹਾ ਤੇ ਨੇ। ਪੁਜਾਰੀ ਵੀ ਭੱਜਿਆ ਅੰਦਰ ਗਿਆ , ਉਹ ਵੀ ਦੇਖ ਕੇ ਹੈਰਾਨ ਰਹਿ ਗਿਆ ਕਿ ਸਾਰੇ ਗਹਿਣੇ ਸਹੀ ਸਲਾਮਤ ਨੇ।

ਹੁਣ ਸਾਰੇ ਲੋਕ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਹੇ ਸਨ। ਮਿੱਠੂ ਨੇ ਸੱਤੂ ਨੂੰ ਪੁੱਛਿਆ " ਓਏ ਬੋਲਪਾ ਕੰਬਖਤਾ ... ਕੀ ਲੈਣ ਆਇਆ ਸੀ ਤੂੰ ? ਸੱਤੂ ਸਾਰਾ

ਜੋਰ ਲਾਕੇ ਬੋਲਿਆ " ਮੇਰੀ ਬੀਬੀ ਬਹੁਤ ਬਿਮਾਰ ਆ ... ਉਹਦੇ ਲਈ ਮਾਤਾ ਦਾ ਪ੍ਰਸ਼ਾਦ ਲੈਣ ਆਇਆ ਸੀ ਮੈਂ .... । ਸੱਤੂ ਦੇ ਕੜਕਦੇ ਬੋਲਾਂ ਨੇ ਸਾਰਿਆਂ ਨੂੰ ਸ਼ਾਂਤ ਕਰ ਦਿੱਤਾ।

ਮੇਰੀ ਬੀਬੀ ਇੱਕ ਹਫ਼ਤੇ ਤੋਂ ਮੰਜੇ ਤੇ ਪਈ ਆ ... ਪਿੰਡ ਵਾਲੇ ਹਕੀਮ ਤੋਂ ਠੀਕ ਨਹੀਂ ਹੋਈ ... ਸ਼ਹਿਰ ਲੈਜਾਣ ਦੀ ਸਾਡੇ ਚ ਪਹੁੰਚ ਹੈਨੀ .... ਉਹਦਾ ਬਚਣਾ ਬਹੁਤ ਮੁਸ਼ਕਿਲ ਆ ... ਬੀਬੀ ਮਾਤਾ ਨੂੰ ਬਹੁਤ ਮੰਨਦੀ ਆ .. ਭਾਵੇਂ ਉਹਨੂੰ ਕਦੇ ਮੰਦਿਰ ਚ ਨਹੀਂ ਆਉਣ ਦਿੱਤਾ ਗਿਆ ਪਰ ਉਹ ਦੂਰੋਂ ਹੀ ਨਮਸਕਾਰ ਕਰ ਲੈਂਦੀ ਸੀ ... ।

ਲੋਕ ਚੁੱਪਚਾਪ ਖੜੇ ਸੁਣ ਰਹੇ ਸਨ ਤੇ ਸੱਤੂ ਬੋਲ ਰਿਹਾ ਸੀ " ਚਾਰ ਦਿਨ ਪਹਿਲਾਂ ਬੀਬੀ ਮੈਨੂੰ ਕਹਿੰਦੀ ਜੇ ਮਾਤਾ ਦਾ ਪ੍ਰਸ਼ਾਦ ਉਹ ਬੇਲ ਪੱਤਰ ਲਿਆਦੇਂ ਤਾਂ ਮੈਂ ਠੀਕ ਹੋਜਾਂਗੀ ... ਮੈ ਪੁੱਛਿਆ ਇਹ ਤੈਨੂੰ ਕੀਹਨੇ ਆਖਿਆ ... ਬੋਲੀ " ਮਾਤਾ ਆਈ ਸੀ ਸੁਪਨੇ ਚ ... ਕਹਿਕੇ ਗਈ ਆ ਵੀ ਮੇਰੇ ਮੰਦਿਰ ਵਾਲੇ ਬੇਲ ਪੱਤਰ ਖਾਲਾ .. ਤੂੰ ਠੀਕ ਹੋਜੇਂਗੀ .. ।

ਸਰਪੰਚ ਨੇ ਪੁੱਛਿਆ " ਫਿਰ ਤੂੰ ਪ੍ਰਸ਼ਾਦ ਮੰਗ ਕੇ ਲੈ ਜਾਂਦਾ .... ਰਾਤ ਨੂੰ ਇਸ ਤਰ੍ਹਾਂ ਚੋਰੀ ਕਰਨ ਦੀ ਕੀ ਲੋੜ ਸੀ ? ਮੈ ਆਇਆ ਸੀ ਪ੍ਰਸ਼ਾਦ ਲੈਣ ... ਪਰ ਪੰਡਿਤ ਜੀ ਨੇ ਮੈਨੂੰ ਇਹ ਕਹਿਕੇ ਮਨਾ ਕਰਤਾ ਕਿ ਅਜੇ ਫਲ ਨਹੀ ਲੱਗਿਆ ... ਮੈ ਆਖਿਆ ਜੀ ਉਹ ਲੱਗਿਆ ਤਾਂ ਹੈ ਫਲ ... ਤਾਂ ਪੰਡਿਤ ਜੀ ਨੇ ਮੈਨੂੰ ਗੁੱਸੇ ਚ ਕਿਹਾ ... ਤੈਨੂੰ ਇੱਕ ਵਾਰ ਕਿਹਾ ਸਮਝ ਨਹੀਂ ਆਉਂਦਾ ? .... ਸਗੋਂ ਮੈਨੂੰ ਮੰਦਿਰ ਦੇ ਅੰਦਰ ਵੀ ਨਹੀਂ ਆਉਣ ਦਿੱਤਾ ਗਿਆ ... ਮੇਰੇ ਕੋਲ ਹੋਰ ਕੋਈ ਚਾਰਾ ਨਹੀ ਸੀ।

ਸੱਤੂ ਉੱਚੀ ਉੱਚੀ ਰੋਣ ਲੱਗਿਆ " ਮੈ ਗਹਿਣੇ ਚੋਰੀ ਕਰਨ ਨਹੀਂ ਸੀ ਆਇਆ ... ਮੈ ਤਾਂ ਬੀਬੀ ਵਾਸਤੇ ਪ੍ਰਸ਼ਾਦ ਲੈਣ ਆਇਆ ਸੀ .... ਮੇਰੀ ਬੀਬੀ

ਨੂੰ ਬਚਾ ਲਓ ... ਉਹ ਪ੍ਰਸ਼ਾਦ ਖਾਕੇ ਠੀਕ ਹੋ ਜਾਊ ..। ਸੱਤੂ ਦੀਆਂ ਧਾਹਾਂ ਨੇ ਸਾਰਿਆਂ ਦੇ ਕਾਲਜੇ ਵਲੂਰ ਕੇ ਰੱਖ ਦਿੱਤੇ। ਦੋ ਬੁੜ੍ਹੀਆਂ ਬੋਲੀਆਂ ... ਹਾਂ ਇਹਦੀ ਮਾਂ ਸਾਡੇ ਗੋਹਾ ਕੂੜਾ ਕਰਦੀ ਆ ... ਪਰ ਕਈ ਦਿਨਾਂ ਤੋਂ ਢਿੱਲੀ ਆ ਵਿਚਾਰੀ ...।
ਜੰਟਾ ਬੋਲਿਆ " ਸੱਤੂ ਨੂੰ ਪ੍ਰਸ਼ਾਦ ਕਿਉਂ ਨਹੀ ਦਿੱਤਾ ਪੰਡਿਤ ਜੀ .... ਮਾਤਾ ਦੇ ਪ੍ਰਸ਼ਾਦ ਤੇ ਤਾਂ ਸਾਰਿਆਂ ਦਾ ਹੱਕ ਹੈ ਨਾ। ਪੰਡਿਤ ਹੁਣ ਘਬਰਾਹਟ ਚ ਸੀ " ਇਹ ਝੂਠ ਬੋਲਦਾ .... ਮੈ ਕਿਹਾ ਸੀ ਸ਼ਾਮ ਨੂੰ ਲੈ ਜਾਈਂ ... ਇਹ ਨੀਚ ਝੂਠ ਬੋਲਦਾ ... ਇਹ ਗਹਿਣੇ ਚੋਰੀ ਕਰਨ ਹੀ ਆਇਆ ਸੀ ... ਉਹ ਤਾਂ ਆਪਣੀ ਅੱਖ ਖੁੱਲ੍ਹ ਗਈ ਤੇ ਇਹਨੂੰ ਭੱਜਣਾ ਪੈ ਗਿਆ ...।

ਪਰ ਹੁਣ ਸਾਰਿਆਂ ਨੂੰ ਸਮਝ ਆ ਗਿਆ ਸੀ ਕਿ ਕੌਣ ਝੂਠ ਬੋਲ ਰਿਹਾ ਤੇ ਕੌਣ ਸੱਚ। ਪਰ ਉਹ ਮੰਦਿਰ ਦਾ ਪੁਜਾਰੀ ਸੀ ਨਾ ... ਇਸ ਲਈ ਕੋਈ ਕੁਝ ਬੋਲ ਨਹੀਂ ਸੀ ਰਿਹਾ। ਪਰ ਸਭ ਨੂੰ ਇਸ ਗੱਲ ਦਾ ਅਫ਼ਸੋਸ ਸੀ ਕਿ ਇੱਕ ਬੇਕਸੂਰ ਗਰੀਬ ਨੂੰ ਕੁੱਟ ਕੁੱਟ ਕੇ ਅੱਧਮਰਿਆ ਕਰ ਦਿੱਤਾ। ਸਾਰੇ ਖਾਮੋਸ਼ ਸਨ, ਇਸ ਖਾਮੋਸ਼ੀ ਨੂੰ ਇੱਕ ਦਿਲ ਚੀਰਵੀਂ ਅਵਾਜ ਨੇ ਤੋੜਿਆ।
ਸੱਤੂ ਦੀ ਗਿਆਰਾਂ ਸਾਲ ਦੀ ਭੈਣ ਭੱਜੀ ਭੱਜੀ ਆਈ ਤੇ ਚੀਕ ਕੇ ਬੋਲੀ, " ਵੀਰੇ ! ਆਪਣੀ ਮਾਂ ਮਰ ਗਈ " !

**ਕਰੇਜ਼ੀ ਰਾਇਟਰ**

**ਇੰਸਟਾਗ੍ਰਾਮ : crazy_writer05**

# ਰਿਸ਼ਤੇ

ਛੋਟੇ ਹੁੰਦਿਆਂ ਖੇਲਦੀ ਦੇ ਅੱਖ ਚ ਬਜਰੀ ਦੀ ਬੱਟੀ ਲੱਗ ਗਈ ਤਾਂ ਅੱਖ ਦਾ ਆਪਰੇਸ਼ਨ ਕਰਕੇ ਪੱਥਰ ਦੀ ਅੱਖ ਬਦਲਣੀ ਪਈ ਤੇ ਮੈਨੂੰ ਵਾਰ ਵਾਰ ਅੱਖ ਝਪਕਣ ਦੀ ਆਦਤ ਪੈ ਗਈ ਸੀ। ਅੱਖ ਕਰਕੇ ਕਿਤੇ ਸਾਕ ਨਹੀਂ ਹੋ ਰਿਹਾ ਸੀ।ਫੇਰ ਮਾਸੀ ਨੇ ਆਪਣੀ ਰਿਸ਼ਤੇਦਾਰੀ ਚ ਮੇਰਾ ਸਾਕ ਕਰਵਾ ਦਿੱਤਾ। ਲਾਏਦਾਰ ਰੰਗ ਦਾ ਥੋੜਾ ਪੱਕਾ ਤੇ ਉਮਰ ਚ ਵੀ ਮੇਰੇ ਤੋਂ ਵੱਡਾ ਸੀ।ਛੋਟੀ ਹੁੰਦੀ ਨੇ ਭੈਣਾਂ ਨਾਲ ਮਿਲ ਕੇ ਰਾਜਕੁਮਾਰਾਂ ਵਾਲੇ ਖ਼ਵਾਬ ਵੇਖੇ ਸੀ ਸਭ ਪਾਣੀ ਚ ਮਿਲ ਗਏ। ਭੈਣਾਂ ਸੋਹਣੀਆਂ ਵੀ ਸੀ ਤੇ ਪੜ੍ਹੀਆਂ ਲਿਖੀਆਂ ਸੀ। ਉਹਨਾਂ ਨੂੰ ਤਾਂ ਉਹਨਾਂ ਦੇ ਰਾਜਕੁਮਾਰ ਸਰਕਾਰੀ ਨੌਕਰੀਆਂ ਵਾਲੇ ਮਿਲ ਗਏ। ਪਰ ਮੇਰਾ ਸਰਦਾਰ ਖੇਤਾਂ ਚ ਮਿੱਟੀ ਨਾਲ ਮਿੱਟੀ ਹੋਣ ਵਾਲਾ ਸੀ।

ਬਾਪ ਦੇ ਘਰ ਕਿਸੇ ਚੀਜ ਦੀ ਕਮੀਂ ਨਹੀਂ ਸੀ । ਚਾਹੁੰਦੀ ਤਾਂ ਸਾਰੀ ਜ਼ਿੰਦਗੀ ਵੀ ਬਾਪ ਦੇ ਦਰ ਤੇ ਬੈਠ ਕੇ ਕੱਟ ਸਕਦੀ ਸੀ। ਪਰ ਆਂਢ ਗੁਆਂਢ ਚ ਨਨਾਣ ਭਰਜਾਈਆਂ ਦੇ ਹੁੰਦੇ ਕਲੇਸ਼ ਵੇਖ ਕੇ ਭਰਾਵਾਂ ਨਾਲ ਸ਼ਰੀਕਚਾਰੀ ਨਹੀਂ ਪਾਉਣਾ ਚਾਹੁੰਦੀ ਸੀ।

ਸਹੁਰੇ ਘਰ ਚ ਵੇਖਿਆ ਮੇਰੇ ਸਰਦਾਰ ਦੀ ਕੋਈ ਇੱਜ਼ਤ ਹੀ ਨਹੀਂ ਸੀ। ਉਹ ਵੀ ਐਸਾ ਭਲਾ ਮਾਣਸ ਇਨਸਾਨ ਸੀ,ਮਾਂ ਤੇ ਭਰਜਾਈਆਂ ਨੇ ਜੋ ਆਖਣਾ ਹਰ ਗੱਲ ਨੂੰ ਸਤਬਚਨ ਆਖ ਕੇ ਲੱਗਿਆ ਰਹਿੰਦਾ ਸੀ।ਪਹਿਲਾਂ ਪਹਿਲਾਂ ਤਾਂ ਮੈਂ ਵੀ ਇਹਨਾਂ ਨੂੰ ਦਿਲੋਂ ਕਬੂਲ ਨਹੀਂ ਕੀਤਾ ਸੀ। ਪਰ ਓਹਦੇ ਬਿਨਾ ਕੋਈ

ਸਹਾਰਾ ਵੀ ਨਹੀਂ ਸੀ।ਫੇਰ ਰੱਬ ਦਾ ਭਾਣਾ ਮੰਨ ਕੇ ਖੁਦ ਨਾਲ ਧੱਕਾ ਕਰ ਲਿਆ ਤੇ ਇਹਨਾਂ ਨੂੰ ਹੀ ਰਾਂਝਣ ਮਾਹੀ ਮੰਨ ਲਿਆ।

ਮੇਰੇ ਪੇਕੇ ਘਰ ਚ ਮੇਰੇ ਬਹਿਣੋਈਆਂ ਦੀ ਪੂਰੀ ਇੱਜਤ ਹੋਇਆ ਕਰਦੀ ਸੀ ਤੇ ਸਾਡੇ ਗਇਆਂ ਤੇ ਜਵਾਈਆਂ ਵਾਲਾ ਬਣਦਾ ਕੋਈ ਮਾਣ ਤਾਣ ਨਾ ਕੀਤਾ ਜਾਂਦਾ ਸੀ।ਇਹ ਸਭ ਵੇਖ ਕੇ ਕਦੇ ਇਹਨਾਂ ਨੇ ਕੋਈ ਸ਼ਿਕਾਇਤ ਨਹੀਂ ਕੀਤੀ ਸੀ।

ਇਹਨਾਂ ਚ ਇੰਨੀਂ ਨਰਮ ਦਿਲੀ ਸੀ ਕਿ ਕੋਈ ਲੱਖ ਮਾੜਾ ਕਰ ਲਵੇ ਕਿਸੇ ਨੂੰ ਕਦੇ ਓਏ ਕਹਿ ਕੇ ਗੱਲ ਨਹੀਂ ਕਰਿਆ ਕਰਦੇ ਸੀ।ਮੈਂ ਬਹੁਤ ਸਮਝਾਉਣਾ ਕੇ ਥੋੜਾ ਆਕੜ ਨਾਲ ਰਿਹਾ ਕਰੋ ਤਾਂ ਕਹਿਣਾ ਭਲੀਏ ਜਾਤੇ ਰੱਬ ਦੇ ਘਰ ਚ ਆਕੜਾਂ ਵਾਲੇ ਪ੍ਰਵਾਨ ਨਹੀਂ ਹੁੰਦੇ।ਐਸੀਆਂ ਗੱਲਾਂ ਸੁਣਕੇ ਮੈਂ ਅਕਸਰ ਲੜ ਪਿਆ ਕਰਦੀ ਸੀ।

ਛੋਟੇ ਵੀਰ ਦਾ ਵਿਆਹ ਸੀ ਤਾਂ ਓਥੇ ਹਾਸੇ ਮਜ਼ਾਕ ਚ ਵੱਡੇ ਜੀਜੇ ਨੇ ਇਹਨਾਂ ਨੂੰ ਟਿੱਚਰ ਕਰ ਦਿੱਤੀ ਕਿ ਭਰਾ ਆਪਣੀ ਨਾਲ ਦੀ ਨੂੰ ਸੰਭਾਲ ਕੇ ਰੱਖਿਆ ਕਰ ਮੈਨੂੰ ਅੱਖਾਂ ਮਾਰਦੀ ਰਹਿੰਦੀ ਆ।

ਮੇਰਾ ਮਜ਼ਾਕ ਉਡਾਇਆ ਤਾਂ ਇਹਨਾ ਕੋਲੋਂ ਬਰਦਾਸ਼ਤ ਨਾ ਹੋਇਆ ਤੇ ਓਥੇ ਹੀ ਸਾਰੇ ਰਿਸ਼ਤੇਦਾਰਾਂ ਸਾਂਵੇ ਓਹਨੂੰ ਗਲਮੇ ਤੋਂ ਫੜ ਲਿਆ ਤੇ ਓਹਦੀ ਚੰਗੀ ਖਾਤਿਰਦਾਰੀ ਕੀਤੀ ਬਾਪੂ ਤੇ ਭਰਾਵਾਂ ਦੀਆਂ ਅੱਖਾਂ ਚ ਬੇਸ਼ੱਕ ਇਹਨਾਂ ਲਈ ਗੁੱਸਾ ਸੀ। ਪਰ ਮੈਨੂੰ ਆਪਣੇ ਸਰਦਾਰ ਤੇ ਮਾਣ ਮਹਿਸੂਸ ਹੋ ਰਿਹਾ ਸੀ।

ਬੇਬੇ ਬਾਪੂ ਹੁਣੀ ਮੈਨੂੰ ਬੋਲਣ ਲੱਗ ਗਏ ਕਿ ਤੇਰੇ ਪ੍ਰਾਹੁਣੇ ਨੇ ਸਾਡੇ ਘਰ ਆ ਕੇ ਪ੍ਰੋਗਰਾਮ ਖਰਾਬ ਕੀਤਾ ਤੇ ਸਾਡੇ ਪੁਲਿਸੀਏ ਜਵਾਈ ਦੀ ਸਾਰੀ ਰਿਸ਼ਤੇਦਾਰੀ ਚ ਮਿੱਟੀ ਪਲੀਤ ਕਰਕੇ ਰੱਖ ਦਿੱਤੀ।

ਇਹ ਓਸੇ ਵਕਤ ਸਾਇਕਲ ਚੱਕ ਕੇ ਮੈਨੂੰ ਪਿੰਡ ਨੂੰ ਲੈਕੇ ਆ ਗਏ।ਮੁੜਕੇ ਨਾ

ਕਦੇ ਬਾਪੂ ਹੁਣਾ ਨੇ ਖ਼ਬਰ ਸਾਰ ਲਈ ਤੇ ਨਾ ਕਦੇ ਭੈਣਾਂ ਆਈਆਂ।
ਮੈਨੂੰ ਆਪਣੇ ਪੇਕੇ ਵਿਛੜਿਆਂ ਦਾ ਕੋਈ ਗਮ ਨਹੀਂ ਹੋਇਆ।ਕਿਉਂਕਿ ਜਿਸ ਇਨਸਾਨ ਨੇ ਕਦੇ ਸਹੁਰੇ ਘਰ ਜਾ ਕੇ ਜਵਾਈਆਂ ਵਾਲੀ ਬਣਦੀ ਇੱਜ਼ਤ ਨਾ ਮਿਲਣ ਤੇ ਮੱਥੇ ਵੱਟ ਨਹੀਂ ਪਾਇਆ ਸੀ।ਮੇਰੇ ਹੀ ਘਰ ਚ ਹੋਈ ਮੇਰੀ ਬੇਜ਼ਤੀ ਓਹਦੇ ਕੋਲੋਂ ਜ਼ਰੀ ਨਾ ਗਈ। ਮੁੱਦਤਾਂ ਬੀਤ ਗਈਆਂ ਕਿਸੇ ਆ ਕੇ ਸਾਡਾ ਹਾਲ ਨਾ ਪੁੱਛਿਆ ਤੇ ਮੈਂ ਵੀ ਗੁੱਸੇ ਦੀ ਮਾਰੀ ਨੇ ਪੇਕੇ ਜਾਣਾ ਜਰੂਰੀ ਨਾ ਸਮਝਿਆ।ਇਹ ਮੈਨੂੰ ਅਕਸਰ ਕਹਿੰਦੇ ਰਹਿੰਦੇ ਸੀ ਕਿ ਖੂਨ ਦੇ ਰਿਸ਼ਤੇ ਕਦੇ ਛੁੱਟਿਆ ਨਹੀਂ ਕਰਦੇ ਅਗਰ ਮੇਰੇ ਕੋਲੋਂ ਓਥੇ ਕੋਈ ਗਲਤੀ ਹੋ ਗਈ ਸੀ ਤਾਂ ਮੈਂ ਆਪ ਜਾ ਕੇ ਦਾਰ ਜੀ ਹੁਣਾ ਕੋਲੋਂ ਮੁਆਫੀ ਮੰਗ ਲੈਂਦਾ ਆ। ਪਰ ਮੈਂ ਕਦੇ ਜਾਣ ਦਾ ਨਾਮ ਨਾ ਲਿਆ।
ਪਿਛਲੇ ਸਾਲ ਛੋਟੀ ਭਰਜਾਈ ਦਾ ਫੋਨ ਆਇਆ ਕਿ ਬਾਪੂ ਜੀ ਬਹੁਤ ਬੀਮਾਰ ਹੋਇਓ ਆ ਤੇ ਹਸਪਤਾਲ ਚ ਭਰਤੀ ਕੀਤੇ ਹੋਏ ਆ।ਮੈਂ ਓਸੇ ਵਕਤ ਮੁੰਡੇ ਨੂੰ ਨਾਲ ਲੈਕੇ ਚਲੇ ਗਈ ਤੇ ਇਹਨਾਂ ਨੂੰ ਪਿੱਛੇ ਆਉਣ ਲਈ ਕਹਿ ਦਿੱਤਾ।ਹਸਪਤਾਲ ਪਹੁੰਚ ਕੇ ਪਤਾ ਚੱਲਿਆ ਕਿ ਬਾਪੂ ਜੀ ਨੂੰ ਕਰੋਨਾ ਪੋਜ਼ੀਟਿਵ ਆ।ਵੀਰ ਭਰਜਾਈਆਂ ਸਾਰੇ ਬਾਪੂ ਜੀ ਨੂੰ ਹਸਪਤਾਲ ਛੱਡ ਕੇ ਘਰ ਨੂੰ ਤੁਰਦੇ ਬਣੇ ਤੇ ਓਥੇ ਇਹ ਬਾਪੂ ਜੀ ਕੋਲ ਰਹੇ।

ਬਾਪੂ ਜੀ ਦੀ ਹਾਲਤ ਜਿਆਦਾ ਖਰਾਬ ਹੋ ਗਈ ਤੇ ਡਾਕਟਰਾਂ ਨੇ ਘਰ ਭੇਜ ਦਿੱਤਾ।ਘਰ ਆ ਕੇ ਬਾਪੂ ਜੀ ਨੂੰ ਇੱਕ ਅਲੱਗ ਕਮਰੇ ਚ ਪਾ ਦਿੱਤਾ ਤੇ ਕੋਈ ਵੀ ਡਰਦਾ ਓਹਨਾਂ ਦੇ ਕੋਲ ਨਹੀਂ ਜਾਂਦਾ ਸੀ।
ਬਾਪੂ ਜੀ ਦੀ ਘਰ ਸੇਵਾ ਤੋਂ ਲੈਕੇ ਸੰਸਕਾਰ ਕਰਨ ਤੱਕ ਪੁੱਤ ਹੋਣ ਦੀ ਸਾਰੀ ਜ਼ਿੰਮੇਵਾਰੀ ਇਹਨਾਂ ਨੇ ਨਿਭਾਈ।ਜਿਹੜੇ ਪੁਲਸੀਏ ਜਵਾਈ ਤੇ ਸਰਕਾਰੀ

ਮਾਸਟਰ ਵੀਰੇ ਇਹਨਾਂ ਨੂੰ ਗਿਣਤੀ ਚ ਵੀ ਨਹੀਂ ਰੱਖਦੇ ਸੀ ਉਹ ਵੀ ਇਹਨਾਂ ਦੀ ਸੇਵਾ ਵੇਖ ਕੇ ਮੂੰਹ ਚ ਉਂਗਲਾਂ ਪਾ ਕੇ ਖੜੇ ਸੀ ਤੇ ਪੇਕੇ ਪਿੰਡ ਸਾਰੇ ਪਿੰਡ ਚ ਮੇਰੇ ਸਰਦਾਰ ਜੀ ਦੀਆਂ ਸਿਫਤਾਂ ਹੁੰਦੀਆਂ ਸੀ।

**ਜਸਕਰਨ ਬੰਗਾ**

**ਇੰਸਟਾਗ੍ਰਾਮ : bangajas07**

# ਸੁਨਿਹਰੀ ਗੋਟੇ ਵਾਲੀ ਚੁੰਨੀ

ਪੂਰੀ ਤਰ੍ਹਾਂ ਤਾਂ ਯਾਦ ਨਹੀਂ ਮੈਨੂੰ ਪਰ ਹਾਂ ਕੁਝ ਧੁੰਦਲਾ ਧੁੰਦਲਾ ਮੇਰੇ ਅੱਖਾਂ ਅੱਗੇ ਨਜ਼ਰੀਂ ਪੈਂਦਾ ਰਹਿੰਦਾ ਮੈਨੂੰ। ਹਾਲੇ ਤਾਂ ਏਨੀ ਹੋਸ਼ ਨਹੀਂ ਸੀ ਪਰ ਹਾਂ

ਮੈਂ ਆਪਣੀ ਮਾਂ ਦੇ ਹਾਸਿਆਂ ਨੂੰ ਕਦੇ ਨਹੀਂ ਭੁੱਲ ਸਕਦੀ ,,ਜਦੇ ਹੱਸਦੀ ਤਾਂ ਸਾਰਾ ਘਰ ਹੱਸਦਾ ,,ਘਰ ਦੀ ਨਿੱਕੀ ਨਿੱਕੀ ਚੀਜ਼ ਵੀ ਇਉਂ ਲੱਗਦੀ ਜਿਵੇਂ ਕੋਈ ਵੱਖਰਾ ਰੰਗ ਚੜ ਗਿਆ ਹੋਵੇ ਹਰੇਕ ਚੀਜ਼ ਨੂੰ। ਮੈਂ ਦੇਖਿਆ ਸੀ ਓਹਨੂੰ ਬਾਪੂ ਦੇ ਕੰਮ ਤੇ ਜਾਣ ਤੋਂ ਬਾਅਦ ਵੀ ਓਹਨੂੰ ਕਈ ਕਈ ਚਿਰ ਬਾਬਲ ਦੀ ਪੱਗ ਨਾਲ ਗੱਲਾਂ ਕਰਦਿਆਂ ,,, ਆਪੇ ਹੀ ਗੱਲਾਂ ਕਰ ਆਪੇ ਹੀ ਹੱਸਦੀ ਰਹਿੰਦੀ ਸੀ ਮਾਂ। ਮੈਨੂੰ ਓਹਨੂੰ ਦੇਖ ਜੰਨਤ ਲੱਗਦਾ ਸਾਡਾ ਘਰ ਜਿਵੇਂ ,, ਸਾਰੇ ਬ੍ਰਹਿਮੰਡ ਦੀਆਂ ਖੁਸ਼ੀਆਂ ਓਹਦੇ ਕਦਮਾਂ ਚ ਹੋਣ ,, ਸਾਰੀ ਸ੍ਰਿਸ਼ਟੀ ਓਹਦੇ ਇਕ ਹਾਸੇ ਦੀ ਉਡੀਕ ਕਰਦੀ ਹੋਵੇ ਤੇ ਓਹਦੇ ਹੱਸਣ ਤੇ ਹੀ ਝੂਮਣ ਲੱਗ ਪੈਂਦੀ ਹੋਵੇ। ਮੈਂ ਅਨਭੋਲੀ ਜਿਹੀ ਉਮਰ ਚ ਹੀ ਰੱਬ ਤੋਂ ਸਦਾ ਘਰ ਨੂੰ ਵੱਸਦਾ ਰੱਖਣ ਦੀਆਂ ਦੁਆਵਾਂ ਕਰਦੀ। ਤੇ ਮੇਰਾ ਨਿੱਕਾ ਵੀਰ ਮੇਰੇ ਪਿੱਛੇ ਪਿੱਛੇ ਮੇਰੀ ਕੀਤੀ ਅਰਦਾਸ ਨੂੰ ਦੁਹਰਾਉਂਦਾ। ਸਾਨੂੰ ਸਾਡੀ ਮਾਂ ਦੇ ਬੁੱਲਾਂ ਤੇ ਉਹ ਖੁਸ਼ੀ ਬਹੁਤ ਹੀ ਜਿਆਦਾ ਕੀਮਤੀ ਲੱਗਦੀ ,,ਜਿਹੜੀ ਹਰ ਵੇਲੇ ਸਸਤੇ ਭਾਅ ਲੱਗੀ ਰਹਿੰਦੀ ,,ਮਤਲਬ ਹਰ ਵੇਲੇ ਝੱਟ ਹੀ ਬਲਾਉਣ ਤੇ ਆ ਜਾਂਦੀ। ਪਰ ਉਹ ਹਰ ਵੇਲੇ ਮੁੱਖ ਤੇ ਰਹਿਣ ਵਾਲੀ ਵੀ ਬੜੀ ਕੀਮਤੀ ਸੀ ,,ਬੇਸ਼ਕੀਮਤੀ। ਅਜਿਹੀ ਕੀਮਤ ਜਿਹਦਾ ਮੁੱਲ ਸਿਰਫ ਮੇਰੇ ਬਾਪੂ ਦਾ ਮੇਰੀ ਮਾਂ ਨਾਲ ਹੱਸ ਕੇ ਗੱਲ ਕਰਨਾ ਸੀ। ਪਰ,,,, ਸ਼ਾਇਦ ਮਾਂ ਦੇ ਇਹ ਹਾਸੇ ਰੱਬ ਤੋਂ ਵੇਖੇ ਨਾ ਗਏ ,,,,, ਵਕਤ ਨੇ ਕਰਵਟ ਲਈ। ਇੱਕ ਦਿਨ ਅਜਿਹਾ ਆਇਆ ਜਦੋਂ ਮਾਂ ਦੀਆਂ ਅੱਖਾਂ ਚ ਹੰਝੂ ਸਨ। ਪਰ ਅਜਿਹਾ ਕਿਉਂ,,, ਉਹ ਮੇਰਾ ਬਾਬਲ ਜਿਹਦੇ ਘਰ ਆਉਣ ਚ ਜਰਾ ਜਿਹੀ ਵੀ ਦੇਰੀ ਹੋ ਜਾਂਦੀ ਤਾਂ ਮਾਂ ਘੜੀ ਮੁੜੀ ਜਾ ਦਰਵਾਜੇ ਤੇ ਵੇਖਦੀ ਰਹਿੰਦੀ। ਓਹਦੀ ਨਜਰ ਦੂਰ ਦੂਰ ਤੱਕ ਦੀਆਂ ਗਲੀਆਂ ਚ ਆਪਣੇ ਮਾਹੀ ਦੀਆਂ ਪੈੜਾਂ ਨੂੰ ਲੱਭਦੀ ਮੁੜ ਥੱਕ ਹਾਰ ਕੇ ਮਾਯੂਸੀ ਚ ਖੜ ਜਾਂਦੀ । ਦਿਲ ਚ ਅਨੇਕਾਂ ਗਲਤ ਗਲਤ ਖਿਆਲ

ਆਉਂਦੇ ,,,ਤੇ ਮਾਂ ਬਾਰ ਬਾਰ ਰੱਬ ਦਾ ਨਾਮ ਲੈਂਦੀ। ਮੈਨੂੰ ਲੱਗਦਾ ਜਿਵੇਂ ਮਾਂ ਰੱਬ ਨੂੰ ਸਿਰਫ਼ ਤੇ ਸਿਰਫ਼ ਬਾਪੂ ਕਰਕੇ ਮੰਨਦੀ ਸੀ ,,ਹਰ ਵੇਲੇ ਬਸ ਓਹਦੀਓ ਖੈਰ ਮੰਗਦੀ। ਤੇ ਜਦੇ ਬਾਪੂ ਦੇ ਸਾਈਕਲ ਦੀ ਘੰਟੀ ਗਲੀ ਚ ਵੱਜਦੀ ਤਾਂ ਬਿਨਾਂ ਕੁਝ ਦੇਖੇ ਭੱਜ ਬੂਹਾ ਖੋਲਣ ਚਲੀ ਜਾਂਦੀ। ਤੇ ਮੁੱਖੜੇ ਤੇ ਇੱਕ ਲੱਜ ਨਾਲ ਪੁੱਛਦੀ ,,ਤੁਸੀਂ ਠੀਕ ਤੇ ਹੋ ? ਤੇ ਬਾਪੂ ਦਾ ਹੂੰ ਚ ਨਿਕਲਿਆ ਜਵਾਬ ਹੀ ਜਿਵੇਂ ਓਹਦੀ ਸਾਰੀ ਥਕਾਵਟ ਉਤਾਰ ਦਿੰਦਾ। ਪਰ ,,, ਅੱਜ ਮੇਰੀ ਮਾਂ ਦੀਆਂ ਅੱਖਾਂ ਚ ਹੰਝੂ ਸੀ ,,ਕਿਉਂਕਿ ਅੱਜ ਬਾਪੂ ਜੀ ਨੇ ਵਿਦੇਸ਼ ਜਾਣਾ ਸੀ। ਮਜਬੂਰੀ ਦੀਆਂ ਕੰਧਾਂ ਹੇਠਾਂ ਦੱਬ ਓਹਨੂੰ ਇਹ ਕੌੜਾ ਘੁੱਟ ਭਰਨਾ ਪਿਆ। ਅੱਖਾਂ ਦੋਹਾਂ ਦੀਆਂ ਭਰੀਆਂ ਸਨ ,,, ਤੇ ਸਾਨੂੰ ਤਾਂ ਉਸ ਵਕਤ ਸਿਰਫ਼ ਇਹੀ ਪਤਾ ਸੀ ਕਿ ਬਾਪੂ ਬਾਹਰ ਪੈਸਾ ਲੈਣ ਚੱਲਿਆ,,, ਬਹੁਤ ਸਾਰਾ ਪੈਸਾ,,, ਜਿਹਦੇ ਨਾਲ ਸਾਡੀ ਜ਼ਿੰਦਗੀ ਵਧੀਆ ਚੱਲੇਗੀ। ਉਹ ਪੈਸਾ ਕਿਵੇਂ ਆਉਣਾ ,,ਕਿੱਥੋਂ ਆਉਣਾ ,,ਤੇ ਉਸ ਪੈਸੇ ਨੂੰ ਕਮਾਉਣ ਲਈ ਕਿਹਨੂੰ ਕਿਹਨੂੰ ਕੀ ਕੀ ਸਹਿਣ ਕਰਨਾ ਪੈਣਾ ,,,ਕੁਝ ਨਹੀਂ ਸੀ ਜਾਣਦੇ ਅਸੀਂ। ਭਰੀਆਂ ਅੱਖਾਂ ਨੂੰ ਬਾਪੂ ਨੂੰ ਵਿਦਾਈ ਦਿੱਤੀ ਮਾਂ ਨੇ ,,ਪਰ ਮਾਂ ਉਸ ਪੂਰੀ ਰਾਤ ਨਾ ਸੋਈ। ਸਾਰੀ ਰਾਤ ਪਾਠ ਕਰਦੀ ਰਹੀ। ਸੁੱਖਾਂ ਮੰਗਦੀ ਰਹੀ। ਕੁਝ ਦਿਨ ਇੰਝ ਬੀਤੇ ,,ਪਰ ਹਾਲੇ ਤੱਕ ਮਾਂ ਹੱਸਦੀ ਨਹੀਂ ਦੇਖੀ ਮੈਂ ਮੁੜ ਉਵੇਂ ਹੀ। ਮੰਨੋ ਬਾਪੂ ਮਾਂ ਦੇ ਹਾਸੇ ਵੀ ਨਾਲ ਹੀ ਲੈ ਗਿਆ ਹੋਵੇ। ਮਾਂ ਦੇ ਚਿਹਰੇ ਤੇ ਨਾਜਾਨੇ ਕਿਸ ਗੱਲ ਦੀ ਚਿੰਤਾ ਰਹਿੰਦੀ ,,, ਓਹਦੇ ਮੱਥੇ ਤੇ ਫਿਕਰਾਂ ਦੀ ਤਿਊੜੀ ਓਹਨੂੰ ਹੱਸਣ ਨਾ ਦਿੰਦੀ। ਪਰ ਇੱਕ ਦਿਨ ਜਦੇ ਬਾਹਰ ਸਾਈਕਲ ਦੀ ਘੰਟੀ ਦੀ ਆਵਾਜ਼ ਆਈ ਤਾਂ ਮਾਂ ਦੇ ਮੁੱਖ ਤੇ ਇੱਕ ਅਜੀਬ ਜੇਹੀ ਮੁਸਕਰਾਹਟ ਆ ਗਈ। ਜਿਵੇਂ ਓਹਨੂੰ ਬਾਪੂ ਜੀ ਦਾ ਭੁਲੇਖਾ ਪੈ ਗਿਆ ਹੋਵੇ । ਮੈਂ ਮਾਂ ਨੂੰ ਕਿਹਾ ,,ਮਾਂ ਬਾਪੂ ਜੀ ਨਹੀਂ ਆਏ ,,,

ਮਾਂ ਨੇ ਮੇਰੀ ਗੱਲ ਨੂੰ ਅਣਗੌਲਿਆ ਕਰ ਗਲੀ ਵੱਲ ਦੌੜ ਪਈ ,,,,, ਬਾਪੂ ਜੀ ਤਾਂ ਨਹੀਂ ਸੀ ,,ਪਰ ਹਾਂ ਇੱਕ ਡਾਕੀਆ ਸੀ। ਓਹਦੇ ਹੱਥੋਂ ਮਿਲੇ ਇੱਕ ਕਾਗ਼ਜ਼ ਦੇ ਟੁਕੜੇ ਨੇ ਮੇਰੀ ਮਾਂ ਦੇ ਮੁੱਖੜੇ ਤੇ ਗੁਆਚੇ ਹਾਸੇ ਮੁੜ ਵਾਪਿਸ ਲਿਆ ਦਿੱਤੇ । ਉਹ ਹੱਥ ਚ ਫੜੀ ਓਸ ਚਿੱਠੀ ਨੂੰ ਦੇਖ ਮੁਸਕਰਾਈ ਜਾ ਰਹੀ ਸੀ। ਫਿਰ ਰੱਬ ਦਾ ਨਾਮ ਲੈ ਉਸ ਚਿੱਠੀ ਨੂੰ ਖੋਲਿਆ ,,,, ਜਿਓਂ ਜਿਓਂ ਉਹ ਅੱਖਰ ਪੜੀ ਜਾ ਰਹੀ ਸੀ,, , ਤਿਉਂ ਤਿਉਂ ਓਹਦੇ ਮੱਥੇ ਤੋਂ ਫ਼ਿਕਰ ਦੂਰ ਜਾਈ ਜਾ ਰਿਹਾ ਸੀ । ਮਾਂ ਨੂੰ ਕਾਫ਼ੀ ਦਿਨਾਂ ਬਾਅਦ ਏਨਾ ਖੁਸ਼ ਦੇਖਿਆ ਸੀ ਮੈਂ ,,,, ਮਾਂ ਨੇ ਬਾਅਦ ਦੱਸਿਆ ਕਿ ਤੇਰਾ ਬਾਪੂ ਸਹੀ ਸਲਾਮਤ ਵਿਦੇਸ਼ ਪਹੁੰਚ ਗਿਆ ਹੈ। ਓਹਦੇ ਚਿਹਰੇ ਦੀ ਰੌਣਕ ਦੇਖ ਇਉਂ ਲੱਗਦਾ ਸੀ ਜਿਵੇਂ ਅਸਮਾਨ ਬਹੁਤ ਦਿਨਾਂ ਬਾਅਦ ਖੁਸ਼ ਹੋਇਆ ਹੋਵੇ ,,,,ਧਰਤੀ ਤੇ ਬਹੁਤ ਦਿਨਾਂ ਬਾਅਦ ਇੱਕ ਮੀਂਹ ਦੀ ਬੂੰਦ ਪਈ ਹੋਵੇ ਤੇ ਪੰਛੀ ਟਹਿਕ ਰਹੇ ਹੋਣ ਹਰ ਪਾਸੇ । ਫਿਰ ਇਹ ਸਿਲਸਿਲਾ ਇਉਂ ਹੀ ਜਾਰੀ ਰਹਿੰਦਾ । ਮਾਂ ਤਾਂ ਹੁਣ ਵੀ ਉਡੀਕ ਚ ਰਹਿੰਦੀ ,,ਪਰ ਫ਼ਰਕ ਸਿਰਫ ਏਨਾ ਸੀ ਕਿ ਹੁਣ ਉਹ ਬਾਪੂ ਦੀ ਨਹੀਂ ਬਲਕਿ ਬਾਪੂ ਦੀ ਚਿੱਠੀ ਦੀ ਉਡੀਕ ਕਰਦੀ। ਤੇ ਕਈ ਕਈ ਵਾਰ ਓਹਨੂੰ ਬਾਰ ਬਾਰ ਪੜ ਮੁਸਕਰਾਉਂਦੀ ਰਹਿੰਦੀ। ਮੈਂ ਉਸ ਚਿੱਠੀ ਨੂੰ ਫੜਦੀ ਤਾਂ ਕੁਝ ਸਮਝ ਨਹੀਂ ਪੈਂਦਾ ਮੈਨੂੰ ,,ਕਿਓਂਕਿ ਹਾਲੇ ਤਾਂ ਮੈਨੂੰ ਏਨਾ ਪੜ੍ਹਨਾ ਹੀ ਨਹੀਂ ਸੀ ਆਉਂਦਾ ,,ਮੇਰੇ ਲਈ ਉਹ ਸਿਰਫ਼ ਕਾਲੇ ਅੱਖਰ ਸਨ ,, ਜਿਹੜੇ ਮੇਰੀ ਮਾਂ ਦੀ ਰੂਹ ਨੂੰ ਰੰਗੀਨ ਕਰਦੇ ਸੀ । ਮਾਂ ਸਾਰਾ ਸਾਰਾ ਦਿਨ ਇਕੱਲੀ ਹੀ ਗੱਲਾਂ ਕਰਦੀ ਰਹਿੰਦੀ , ਮੈਂ ਮਾਂ ਨੂੰ ਖੁਸ਼ ਦੇਖ ਖੁਦ ਵੀ ਬਿਨਾ ਗੱਲੋਂ ਹੱਸਦੀ ਰਹਿੰਦੀ। ਮਾਂ ਨੇ ਬਾਪੂ ਦੇ ਬਾਹਰ ਜਾਣ ਤੋਂ ਬਾਅਦ ਘਰ ਦੀ ਸਾਰੀ ਜਿੰਮੇਵਾਰੀ ਸੰਭਾਲ ਲਈ ਸੀ , ਕਦੇ ਕਿਸੇ ਕੰਮ ਚ ਕੋਈ ਥੋੜ੍ਹ ਨਹੀਂ ਆਉਣ ਦਿੱਤੀ। ਇੱਜਤਦਾਰ ਘਰਾਣੇ ਦੀ ਕੁੜੀ ਹੋਣ ਕਰਕੇ ,,ਓਹਨੇ ਇੱਕ ਪਰਿਵਾਰ ਨੂੰ ਬਹੁਤ ਇੱਜਤ

ਨਾਲ ਸਹਿਜ ਨਾਲ ਸੰਭਾਲ ਰੱਖਿਆ ਸੀ। ਇੱਕ ਦਿਨ ਮੈਂ ਸਕੂਲ ਤੋਂ ਵਾਪਿਸ ਆਈ ਤਾਂ ਮਾਂ ਸਿਲਾਈ ਮਸ਼ੀਨ ਤੇ ਕੁਝ ਸਿਓਂ ਰਹੀ ਸੀ „ਮੈਂ ਕਿਹਾ ਇਹ ਕੀ ਸਿਓਂਦੇ ਹੋ ਮਾਂ „, ਤਾਂ ਮਾਂ ਨੇ ਦੱਸਿਆ„ਪੁੱਤ , ਇਹ ਤੇ ਵੀਰ ਲਈ ਇੱਕ ਰੁਮਾਲ ਸਿਓਂਦੀ ਹਾਂ ,ਬਾਅਦ ਇਹਦੇ ਤੇ ਕਢਾਈ ਕਰਾਂਗੀ „ਤੇ ਦੇਖੀਂ ਕਿੰਨਾ ਸੋਹਣਾ ਲੱਗਦਾ ਤੇਰੇ ਨਿੱਕੇ ਵੀਰੇ ਦੇ ਨਿੱਕੇ ਜਿਹੇ ਜੂੜੇ ਤੇ ਪਾਇਆ ਇਹ ਰੁਮਾਲ। ਮੈਂ ਵੀ ਸੁਣ ਖੁਸ਼ ਹੋ ਗਈ । ਫਿਰ ਮਾਂ ਨੇ ਸਿਲਾਈ ਮਸ਼ੀਨ ਛੱਡ ਸਿਲਾਈਆਂ ਨੂੰ ਫੜ ਲਿਆ„,ਮਾਂ,ਹੁਣ ਆਹ ਕੀ ਬੁਣ ਦੇ ਹੋ??

"ਓਏ ! ਨਿੱਕੀਏ „, ਆਹਾ ਤੇਰੇ ਬਾਪੂ ਜੀ ਲਈ ਸਵੈਟਰ ਬੁਣ ਦੀ ਹਾਂ। ਓਧਰ ਕੀ ਪਤਾ ਘਰ ਵਾਲੇ ਬੁਣੇ ਏਨੀ ਗਰਮਾਹਟ ਵਾਲੇ ਸਵੈਟਰ ਮਿਲਦੇ ਵੀ ਹੋਣ ਕੇ ਨਹੀਂ ....ਓਹਨਾਂ ਕਿਹੜਾ ਆਪਣਾ ਧਿਆਨ ਆਪ ਰੱਖਣਾ ਹੈ „ਮੈਨੂੰ ਹੀ ਸੋਚਣਾ ਪੈਣਾ ਓਹਨਾਂ ਵਾਰੇ ..." ਮਾਂ ਦੀਆਂ ਅੱਖਾਂ ਚ ਬਾਪੂ ਲਈ ਪਿਆਰ ਤੇ ਚਿੰਤਾ ਸਾਫ਼ ਸਾਫ਼ ਝਲਕਦੀ। ਤੇ ਮਾਂ ਫਿਰ ਥੋੜੀਆਂ ਗੱਲਾਂ ਕਰ ਸਾਨੂੰ ਰੋਟੀ ਪਾਣੀ ਖਵਾ ਪਿਲਾ ਆਪਣੇ ਕੰਮਾਂ ਚ ਲੱਗ ਜਾਂਦੀ। ਸਾਰਾ ਦਿਨ ਕੰਮ ਕਰਦੀ ਰਹਿੰਦੀ „,ਮੈਂ ਦੇਖਿਆ ਹੈ ਰਾਤ ਨੂੰ ਸਭ ਤੋਂ ਲੇਟ ਸੌਂਦੀ ਤੇ ਸਵੇਰੇ ਸਭ ਤੋਂ ਪਹਿਲਾਂ ਉੱਠਦੀ ਸੀ ਉਹ। ਬਸ ਇਵੇਂ ਹੀ ਲੰਘੀ ਜਾ ਰਹੇ ਸਨ ਦਿਨ ਸਹੀ ਸਲਾਮਤ „,, ਕਦ ਦਿਨ ਚੜ ਦਾ ਤੇ ਕਦੋਂ ਰਾਤ ਪੈ ਜਾਂਦੀ ਪਤਾ ਹੀ ਨਹੀਂ ਚੱਲਦਾ„,,ਮਾਂ ਹਰ ਰੋਜ਼ ਰਾਤ ਨੂੰ ਬਾਪੂ ਦੀ ਚਿੱਠੀ ਨੂੰ ਪੜ੍ਹ ਕੇ ਹੀ ਸੌਂਦੀ „ ਬੇਸ਼ੱਕ ਚਿੱਠੀ ਕਾਫੀ ਦਿਨ ਪੁਰਾਣੀ ਹੁੰਦੀ „,ਓਹਦੇ ਨਾਲ ਗੱਲਾਂ ਕਰਦੀ। ਪਰ ਇੱਕ ਦਿਨ ਅਜਿਹਾ ਆਇਆ ਕਿ ਸਾਡੀਆਂ ਖੁਸ਼ੀਆਂ ਨੂੰ ਨਜਰ ਹੀ ਲੱਗ ਗਈ। ਹਰ ਵਾਰ ਦੀ ਤਰ੍ਹਾਂ ਡਾਕੀਏ ਨੇ ਬਾਹਰ ਖੜ ਆਪਣੇ ਸਾਈਕਲ ਦੀ ਘੰਟੀ ਵਜਾਈ „,ਮਾਂ ਵਿਹੜੇ ਚ ਕਣਕ ਧੋ ਸੁੱਕਣ ਲਈ ਪਾ ਰਹੀ ਸੀ, ਸਿਖ਼ਰ ਦੁਪਿਹਰ ਸੀ „, ਮਾਂ ਉੱਥੇ ਹੀ ਕਣਕ ਛੱਡ ਬਿਨਾ ਕੁਝ ਪੈਰੀਂ ਪਾਏ„, ਦੌੜ ਕੇ

ਬਾਹਰ ਗਈ ,,,,ਮੈਂ ਉਸ ਗੱਲ ਤੋਂ ਇਹ ਅੰਦਾਜ਼ਾ ਹੁਣ ਵੀ ਲਗਾ ਸਕਦੀ ਹਾਂ ਕਿ ਮੇਰੀ ਮਾਂ ਨੂੰ ਬਾਪੂ ਦੀ ਇਕ ਚਿੱਠੀ ਹੀ ਆਉਣ ਦਾ ਕਿੰਨਾ ਚਾਅ ਹੁੰਦਾ ਸੀ। ਚਿੱਠੀ ਆਈ ਮਾਂ ਨੇ ਇਕ ਪਾਸੇ ਰੱਖ ਪਹਿਲਾਂ ਆਪਣੀ ਚੁੰਨੀ ਦਾ ਪੱਲਾ ਫੜ ਆਪਣੇ ਹੱਥ ਪੂੰਝੇ ਫਿਰ ਹੱਥ ਚ ਫੜਦਿਆਂ ਹੀ ਇਵੇਂ ਓਹਨੂੰ ਮੱਥਾ ਟੇਕਿਆ ਜਿਵੇਂ ਬਾਪੂ ਜੀ ਸਾਹਮਣੇ ਹੀ ਖੜੇ ਹੋਣ।

ਮਾਂ ਨੇ ਚਿੱਠੀ ਖੋਲੀ ,,,ਮਾਂ ਦੇ ਬੁੱਲਾਂ ਤੇ ਮੱਠਾ ਮੱਠਾ ਹਾਸਾ ਸੀ ,,ਪਰ ਅਚਾਨਕ ਇਹ ਹਾਸਾ ਕਿਧਰੇ ਗਾਇਬ ਹੋ ਗਿਆ,,,, ਓਹਦੀਆਂ ਉਹ ਅੱਖਾਂ ਜਿਹਦੇ ਵਿਚੋਂ ਬਹਾਰਾਂ ਖਿੜਦੀਆਂ ਸਨ , ਓਸ ਵਿਚੋਂ ਪਲਾਂ ਚ ਹੀ ਅੱਥਰੂਆਂ ਦੇ ਝਰਨੇ ਵਹਿਣ ਲੱਗੇ। ਮਾਂ ਦੇ ਚਿੱਠੀ ਹੱਥ ਚ ਸੀ ,ਪਰ ਮਾਂ ਨੇ ਓਹਨੂੰ ਜ਼ੋਰ ਨਾਲ ਮੁੱਠੀ ਵਿਚ ਕੈਦ ਕਰ ਲਿਆ ਤੇ ਖੁਦ ਚੁੱਪ ਚਾਪ ਇੱਕ ਨੁੱਕਰ ਫੜ ਬੈਠ ਗਈ। ਮਾਂ ਦੀ ਐਸੀ ਹਾਲਤ ਮੈਂ ਪਹਿਲੀ ਵਾਰ ਦੇਖੀ ਸੀ,,, ਮਾਂ ਵੱਲ ਦੇਖ ਮੈਂ ਵੀ ਰੋ ਪਈ ਤੇ ਨਿੱਕਾ ਵੀ ਰੋਣ ਲੱਗਾ। ਮਾਂ ਨੇ ਸਾਨੂੰ ਦੋਹਾਂ ਨੂੰ ਚੁੱਪ ਕਰਾਇਆ ਤੇ ਸਾਡੇ ਮੱਥੇ ਚੁੰਮ ਸਾਨੂੰ ਗਲ਼ ਨਾਲ ਲਾ ਲਿਆ। ਪਰ ਮਾਂ ਦੇ ਰੋਣ ਦੀ ਗੱਲ ਮੈਨੂੰ ਸਮਝ ਨਹੀਂ ਸੀ ਪੈ ਸਕੀ। ਪਰ ਹਾਂ ਓਸ ਦਿਨ ਤੋਂ ਬਾਅਦ ਮੈਂ ਕਦੇ ਵੀ ਮਾਂ ਨੂੰ ਓਸ ਡਾਕੀਏ ਦੀ ਚਿੱਠੀ ਦਾ ਇੰਤਜ਼ਾਰ ਕਰਦੇ ਨਾ ਵੇਖਿਆ ਤੇ ਨਾ ਹੀ ਕਦੇ ਦਿਨੇ ਹੀ ਮੁੜ ਚਿੱਠੀਆਂ ਨੂੰ ਪੜ੍ਹ ਪੜ੍ਹ ਕੇ ਮੁਸਕਰਾਂਦੀ।

ਜਦੋਂ ਅਸੀਂ ਬਾਪੂ ਜੀ ਬਾਰੇ ਪੁੱਛਦੇ ਤਾਂ ਮਾਂ ਕਹਿੰਦੀ ਉਹ ਠੀਕ ਨੇ ,,,, ਤੇ ਆਉਣ ਦੀ ਗੱਲ ਤੇ ਹਮੇਸ਼ਾਂ ਕਹਿੰਦੀ ਕਿ ਉਹ ਜਲਦੀ ਆ ਜਾਣਗੇ। ਪਰ ਓਹਦੇ ਬੋਲਾਂ ਤੇ ਕਿਸੇ ਵਿਸ਼ਵਾਸ ਦੀ ਆਸ ਨਾ ਦਿਖਦੀ।

ਓਹਨਾਂ ਦੇ ਇੰਤਜ਼ਾਰ ਚ ਕਦੋਂ ਸਾਡੇ ਦਸ ਸਾਲ ਬੀਤ ਗਏ ਪਤਾ ਹੀ ਨਹੀਂ ਚੱਲਿਆ। ਤੇ ਇਹਨਾਂ ਦਸਾਂ ਸਾਲਾਂ ਚ ਮੈਂ ਕਦੇ ਮਾਂ ਨੂੰ ਦਿਲੋਂ ਹੱਸਦੀ ਨਹੀਂ ਦੇਖਿਆ। ਇੱਕ ਰਾਤ ਮੈਂ ਤੇ ਮਾਂ ਬੈਡ ਤੇ ਸੁੱਤੇ ਪਏ ਸੀ। ਜਦੋਂ ਰਾਤ ਦੇ

ਬਾਰਾਂ ਕ ਵੱਜੇ ਤਾਂ ਮੇਰਾ ਧਿਆਨ ਗਿਆ ਕਿ ਮਾਂ ਤੇ ਮੇਰੇ ਨਾਲ ਹੀ ਪਏ ਸਨ ,,ਪਰ ਹੁਣ ਨਹੀਂ ਨੇ ਇੱਥੇ...ਕਿੱਥੇ ਗਏ??? ਮੈਂ ਘਬਰਾ ਗਈ। ਕਦੇ ਮਾਂ ਸਾਨੂੰ ਇੰਝ ਕੱਲਿਆਂ ਛੱਡ ਕੇ ਕਦੇ ਨਹੀਂ ਗਈ ਸੀ। ਮੈਂ ਉੱਠ ਹਾਲੇ ਬੱਤੀ ਹੀ ਜਗਾਉਣ ਲੱਗੀ ਸੀ ਕਿ ਮੈਨੂੰ ਕਿਸੇ ਦੇ ਸਿਸਕਣ ਦੀ ਆਵਾਜ਼ ਆਈ। ਦੂਜੇ ਕਮਰੇ ਚ ਧਿਆਨ ਪਿਆ ਤਾਂ ਇੱਕ ਮੋਮਬੱਤੀ ਜਗ ਰਹੀ ਸੀ ਤੇ ਮਾਂ ਓਹਨਾਂ ਚਿੱਠੀਆਂ ਨੂੰ ਪੜ੍ਹ ਕੇ ਰੋ ਰਹੀ ਸੀ ,,,, ਤੇ ਮਾਂ ਦੇ ਦੂਜੇ ਹੱਥ ਚ ਬਾਪੂ ਜੀ ਦੀ ਪੱਗ ਸੀ ,,ਜਿਸਨੂੰ ਮਾਂ ਆਪਣੇ ਸੀਨੇ ਨਾਲ ਲਗਾਉਂਦੀ ਤੇ ਕਦੇ ਕੁਝ ਪੁੱਛਣ ਲੱਗਦੀ ਓਸ ਪੱਗ ਤੋਂ। ਮੈਂ ਮਾਂ ਨੂੰ ਪਹਿਲੀ ਵਾਰ ਇੰਝ ਦੇਖਿਆ ਸੀ ,,ਪਰ ਚਾਹ ਕੇ ਵੀ ਮੈਂ ਆਪਣੇ ਕਦਮ ਅੱਗੇ ਮਾਂ ਨੂੰ ਚੁੱਪ ਕਰਾਉਣ ਲਈ ਨਾ ਵਧਾ ਸਕੀ ਤੇ ਮੁੜ ਆ ਆਪਣੇ ਬਿਸਤਰੇ ਤੇ ਲੇਟ ਗਈ। ਅਗਲੇ ਦਿਨ ਮਾਂ ਦੇ ਬੋਲਾਂ ਵਿੱਚ ,ਆਵਾਜ਼ ਵਿੱਚ ਕੋਈ ਅਜਿਹਾ ਲਹਿਜ਼ਾ ਨਹੀਂ ਸੀ ਕਿ ਓਹਨੇ ਸਾਰੀ ਰਾਤ ਜਾਗ ਕੇ ਬਾਬਲ ਦੀਆਂ ਯਾਦਾਂ ਵਿਚ ਰੋ ਕੇ ਗੁਜ਼ਾਰੀ ਸੀ। ਮਾਂ ਨੇ ਕਿਸੇ ਕੰਮ ਤੋਂ ਅਗਲੇ ਦਿਨ ਸ਼ਹਿਰ ਜਾਣਾ ਸੀ ਤੇ ਮੇਰੇ ਲਈ ਇਹ ਸੁਨਹਿਰੀ ਮੌਕਾ ਸੀ ਚਿੱਠੀਆਂ ਪੜਨ ਦਾ। ਮਾਂ ਦੇ ਜਾਣ ਤੋਂ ਬਾਅਦ ਮੈਂ ਉਸ ਕਮਰੇ ਚ ਗਈ। ਬਾਬਾ ਜੀ ਦੀ ਫੋਟੋ ਤੋਂ ਪਏ ਮੇਜ ਦੇ ਦਰਾਜ ਚ ਢੇਰ ਸਾਰੀਆਂ ਚਿੱਠੀਆਂ ਪਈਆਂ ਹੋਈਆਂ ਸਨ ,,ਮੈਂ ਸਭ ਖੋਲੀਆਂ। ਆਮ ਗੱਲਬਾਤ ਸੀ। ਪਰ ਇੱਕ ਚਿੱਠੀ ਜੋ ਬਾਪੂ ਦੇ ਸਾਫ਼ੇ ਵਿਚ ਪਈ ਸੀ ,ਓਹ ਖੋਲੀ ,,,,ਜਿਹੜੀ ਸ਼ਾਇਦ ਬਾਪੂ ਜੀ ਦੀ ਆਖਿਰੀ ਚਿੱਠੀ ਸੀ,,,,

" ਪਿਆਰੀ ਮਨਜੀਤੇ,, ਉਮੀਦ ਕਰਦਾ ਹਾਂ ਕਿ ਤੂੰ ਤੇ ਬੱਚੇ ਠੀਕ ਠਾਕ ਹੋਵੋਂਗੇ । ਮੈਂ ਵੀ ਇੱਥੇ ਠੀਕ ਠਾਕ ਹਾਂ। ਹੋਰ ਘਰ ਚ ਕਿਵੇਂ ਸਭ ਚੱਲ ਰਿਹਾ ,,ਗੁਜ਼ਾਰਾ ਤਾਂ ਸਹੀ ਹੋ ਰਿਹਾ ਹੈ ਨਾ????ਅੱਜ ਮੈਂ ਤੈਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ ,,, ਓਸ ਤੋਂ ਪਹਿਲਾਂ ਮੈਂ ਤੇਰੇ ਤੋਂ ਮਾਫ਼ੀ ਮੰਗਣੀ ਚਾਹੁੰਦਾ

ਹਾਂ ,,, ਹੋ ਸਕੇ ਤਾਂ ਮੈਨੂੰ ਮਾਫ਼ ਕਰ ਦਈਂ। ਮੈਂ ਇੱਥੇ ਦੂਜਾ ਵਿਆਹ ਕਰਵਾ ਲਿਆ ਹੈ ,,,,ਪਰ ਹਾਂ ਮੈਂ ਤੇਰੀ ਤੇ ਬੱਚਿਆਂ ਦੀ ਜਿੰਮੇਵਾਰੀ ਕਦੇ ਨਹੀਂ ਭੁੱਲਾਂਗਾ। ਤੁਹਾਡੇ ਸਹੀ ਗੁਜ਼ਾਰੇ ਲਈ ,,ਬੱਚਿਆਂ ਦੇ ਪਾਲਣ ਪੋਸ਼ਣ ਲਈ ਸਮੇਂ ਸਮੇਂ ਤੇ ਪੈਸੇ ਭੇਜਦਾ ਰਹਾਂਗਾ। ਮੈਨੂੰ ਪਤਾ ਤੂੰ ਮੇਰੇ ਤੋਂ ਬਹੁਤ ਨਰਾਜ ਹੋਣੀ ,,ਪਰ ਮੈਨੂੰ ਮਾਫ਼ ਕਰ ਦੇ। ਮੇਰੇ ਬੱਚਿਆਂ ਦਾ ਖਿਆਲ ਰੱਖੀਂ।

ਤੇਰੀ ਚਿੱਠੀ ਦੀ ਉਡੀਕ ਚ....

ਇਹ ਚਿੱਠੀ ਪੜ ਕੇ ਮੈਂ ਓਸ ਸਚਾਈ ਤੋਂ ਅੱਜ ਰੂਬਰੂ ਹੋ ਚੁੱਕੀ ਸੀ ਜਿਸ ਤੋਂ ਸ਼ਾਇਦ ਸਾਨੂੰ ਬਹੁਤ ਸਮਾਂ ਪਹਿਲਾਂ ਵਾਕਿਫ਼ ਹੋਣਾ ਚਾਹੀਦਾ ਸੀ ,ਪਰ ਮਾਂ ਨੇ ਸਭ ਆਪਣੇ ਅੰਦਰ ਸਮੇਟ ਕੇ ਰੱਖਿਆ। ਮੈਂ ਮਾਂ ਦੇ ਦੁੱਖ ਦਾ ਅੰਦਾਜ਼ਾ ਲਗਾ ਸਕਦੀ ਸੀ,, ਉਹ ਔਰਤ ਜਿਹਦੇ ਹਾਸੇ ਕੋਈ ਲੁੱਟ ਪੁੱਟ ਕੇ ਲੈ ਗਿਆ ਸੀ ਵਿਦੇਸ਼। ਫਿਰ ਓਥੇ ਹੋਰ ਵੀ ਕਈਆਂ ਚਿੱਠੀਆਂ ਪਈਆਂ ਸਨ ਜਿਹੜੀਆਂ ਮੇਰੀ ਮਾਂ ਨੇ ਲਿਖੀਆਂ ਸਨ ਪਰ ਪ੍ਰਤੀਤ ਹੁੰਦਾ ਸੀ ਕਿ ਮਾਂ ਕੋਲੋਂ ਕਦੇ ਹਿੰਮਤ ਹੀ ਨਹੀਂ ਪਈ ਓਹਨਾਂ ਨੂੰ ਡਾਕਖਾਨੇ ਪਾ ਕੇ ਆਉਣ ਦੀ ....

ਲਿਖਿਆ ਸੀ...

"ਕਿਹੜਾ ਹੱਕ ਜਤਾਵਾਂ ਤੁਹਾਡੇ ਤੇ ,,ਤੁਸੀਂ ਇਸ ਲਾਇਕ ਛੱਡਿਆ ਹੀ ਨਹੀਂ ਕੁਝ। ਘੱਟ ਤੋਂ ਘੱਟ ਮੇਰਾ ਕਸੂਰ ਤਾਂ ਦੱਸ ਦਿੰਦੇ। ਵਿਦੇਸ਼ ਦੇ ਇਤਰਾਂ ਦੀਆਂ ਖੁਸ਼ਬੋਆਂ ਅੱਗੇ ਤੁਸੀਂ ਆਪਣੇ ਬਾਸਮਤੀ ਦੇ ਖੇਤਾਂ ਦੀਆਂ ਖੁਸ਼ਬੋਆਂ ਭੁੱਲ ਗਏ ।ਲੋਕ ਕਹਿੰਦੇ ਸੀ ਪ੍ਰਦੇਸੀ ਕਦੇ ਨਹੀਂ ਮੁੜਦੇ,,, ਪਰ ਨਹੀਂ ਸੀ ਜਾਣਦੀ ਕਿ ਇਹ ਸੱਚ ਹੈ। ਤੇ ਹਾਂ ਮੈਨੂੰ ਯਾਦ ਹੈ ਕਿ ਇੱਕ ਵਾਰ ਤੁਹਾਡੇ ਤੋਂ ਸੁਨਹਿਰੀ ਗੋਟੇ ਵਾਲੀ ਚੁੰਨੀ ਹੀ ਮੰਗੀ ਸੀ ਤਾਂ ਤੁਸੀਂ ਕਿਹਾ ਸੀ ਕਿ ਮੈਨੂੰ ਇੱਕ ਵਾਰ ਵਿਦੇਸ਼ ਜਾ ਲੈਣ ਦੇ ,,,ਤੇਰੇ ਅੱਗੇ ਸਾਰਾ ਬਾਜ਼ਾਰ ਖੜਾ ਦੇਣਾ ।

ਸੱਚ ,ਜਾਣਿਓ ਮੈਨੂੰ ਕੁਝ ਨਹੀਂ ਚਾਹੀਦਾ ,,, ਮੈਂ ਪਾਟੀਆਂ ਚੁੰਨੀਆਂ ਨਾਲ ਗੁਜ਼ਾਰਾ ਕਰ ਲੈਂਦੀ ,,, ਮੈਂ ਰਾਤ ਭੁੱਖੇ ਰਹਿ ਕੇ ਕੱਟ ਲੈਂਦੀ ,,, ਤੁਹਾਡੀਆਂ ਖਿਦਮਤਾਂ ਕਰਦੀ ਸਾਰੀ ਉਮਰ ,,,, ਪਰ ..............। ਪਰ ਹਾਂ ,,,ਤੁਸੀਂ ਫ਼ਿਕਰ ਨਾ ਕਰੋ ,,, ਮੈਂ ਆਪਣੇ ਬੱਚਿਆਂ ਨੂੰ ਖ਼ੁਦ ਪਾਲ ਸਕਦੀ ਹਾਂ ,,, ਉਹ ਤੁਹਾਡੇ ਕੁਝ ਨਹੀਂ ਲੱਗਦੇ। ... ਤੇ ਕਦੇ ਆਪਣੀ ਜ਼ਿੰਦਗੀ ਚੋਂ ਥੋੜਾ ਵਿਹਲ ਮਿਲੇ ਤਾਂ ਮੈਨੂੰ ਜਰੂਰ ਮੇਰਾ ਕਸੂਰ ਦੱਸਿਓ।" ਤੇ ਇਕ ਮੈਲਾ ਜਿਹਾ ਹੋਇਆ ਪੇਜ ਸੀ ਉੱਥੇ ,, ਜਿਹੜਾ ਕਈ ਥਾਵਾਂ ਤੋਂ ਇੰਝ ਲੱਗ ਰਿਹਾ ਸੀ ਕਿ ਇਹਦੇ ਤੇ ਬਹੁਤ ਸਾਰੇ ਅੱਥਰੂ ਡਿੱਗੇ ਹੋਣ । ਉਸਤੇ ਲਿਖਿਆ ਸੀ:-

"ਜਿਸ ਸ਼ੀਸ਼ੇ ਵਿਚ ਮਾਹੀ ਨੇ ਆਖ਼ਰੀ ਵਾਰ ਪੱਗ ਸੀ ਬੰਨੀ,,,
ਅਸਾਂ ਓਸ ਸ਼ੀਸ਼ੇ ਨੂੰ ਜਾਨੋਂ ਸੰਭਾਲ ਰੱਖਿਆ,,
ਕੀ ਕਸੂਰ ਸੀ ਇਸ ਨਿਮਾਣੀ ਜਿਹੀ ਜਿੰਦ ਦਾ ਦੱਸਣਾ,
ਅਸਾਂ ਮਾਹੀ ਲਈ ਸਵਾਲ ਇੱਕ ਭਾਲ਼ ਰੱਖਿਆ....."

ਖ਼ਤ ਵਿਚੋਂ ਮੈਨੂੰ ਮੇਰੀ ਰੋਂਦੀ ਮਾਂ ਸਾਫ਼ ਸਾਫ਼ ਦਿਖਦੀ ਸੀ। ਇਹ ਉਹ ਖ਼ਤ ਸੀ ਜਿਹੜਾ ਕਦੇ ਮਾਂ ਨੇ ਪਾਇਆ ਹੀ ਨਹੀਂ ਬਾਪੂ ਜੀ ਨੂੰ ਜਾਂ ਫਿਰ ਕਈ ਵਾਰ ਮਾਂ ਨੇ ਲਿਖੇ ਸੀ ਓਹੀ ਖਤ ਵਾਰ ਵਾਰ। ਕਿਓਂਕਿ ਉੱਥੇ ਕਈ ਖ਼ਤ ਸਨ ਜਿਹਨਾਂ ਤੇ ਓਹੀ ਕੁਝ ਲਿਖਿਆ ਹੋਇਆ ਸੀ ,,,ਮੈਂ ਮਾਂ ਦੇ ਦੁੱਖ ਦਾ ਅੰਦਾਜ਼ਾ ਬਹੁਤ ਕਰੀਬ ਹੋ ਲਗਾ ਸਕਦੀ ਸੀ। ਕਿੰਨੇ ਸਾਲ ਮਾਂ ਨੇ ਆਪਣੇ ਅੰਦਰ ਕਿੰਨਾ ਕੁਝ ਸੰਭਾਲ ਕੇ ਰੱਖਿਆ। ਤੇ ਅੱਜ ਮੈਨੂੰ ਉਹ ਵੀ ਸਮਝ ਆ ਗਈ ਸੀ ਕਿ ਬਾਹਰੋਂ ਕਿੱਥੋਂ ਪੈਸੇ ਆਉਂਦੇ ਸਨ ਤੇ ਮਾਂ ਕਿਉਂ ਓਹਨਾਂ ਨੂੰ ਬਿਨਾ ਛੂਹੇ ਸਿੱਧਾ ਗੁਰੂਦਵਾਰਾ ਸਾਹਿਬ ਭੇਜ ਦਿੰਦੀ ਸੀ ,,ਗਰੀਬਾਂ ਦੀ ਸੇਵਾ ਲਈ। ਘਰ ਦਾ ਗੁਜ਼ਾਰਾ ਤਾਂ ਮਾਂ ਤੋਰ ਹੀ ਰਹੀ ਸੀ। ਸੋਚਦਿਆਂ ਸੋਚਦਿਆਂ ਹੀ ਓਧਰੋਂ

ਮਾਂ ਆ ਗਈ। ਮੈਂ ਚਿੱਠੀਆਂ ਉੱਥੇ ਰੱਖ ਬਾਹਰ ਆ ਮਾਂ ਨੂੰ ਪਾਣੀ ਪੀਣ ਲਈ ਦਿੱਤਾ। ਅਗਲੇ ਦਿਨ ਮੈਂ ਮਾਂ ਲਈ ਬਜ਼ਾਰ ਤੋਂ ਜਾ ਇੱਕ ਸੁਨਹਿਰੀ ਗੋਟੇ ਵਾਲੀ ਚੁੰਨੀ ਖਰੀਦੀ। ਪੈਕ ਕਰਵਾਈ ,,ਤੇ ਘਰ ਆ ਮਾਂ ਨੂੰ ਬਿਠਾ ਕਿਹਾ ,,ਦੇਖੋ ,,ਮਾਂ ਮੈਂ ਤੁਹਾਡੇ ਲਈ ਕੀ ਲੈ ਕੇ ਆਈ ਹਾਂ ....

ਮਾਂ ਕਿਹਾ ,,ਕਮਲੀਏ! ਕੀ ਖਜ਼ਾਨਾ ਲੈ ਆਈ ਹੁਣ,,,ਕਈ ਵਾਰ ਕਿਹਾ ਆਪਣੀ ਮਿਹਨਤ ਦੀ ਕਮਾਈ ਇੰਝ ਨਾ ਖਰਚਿਆ ਕਰ ਫਾਲਤੂ। ਭਲਾ ਮੈਨੂੰ ਕੀ ਚਾਹੀਦਾ ਸੀ ਹੁਣ....ਮੈਂ ਮਾਂ ਨੂੰ ਦੋਹਾਂ ਬਾਹਾਂ ਤੋਂ ਫੜ ਮੰਜੇ ਤੇ ਬਿਠਾ ਦਿੱਤਾ ਤੇ ਸਾਹਮਣੇ ਓਹਨਾਂ ਨੂੰ ਇਹ ਤੋਹਫ਼ਾ ਖੋਲਣ ਲਈ ਕਿਹਾ। ਜਦੋਂ ਮਾਂ ਨੇ ਇਹ ਖੋਲਿਆ ਤਾਂ ਮਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ ਤੇ ਮਾਂ ਦੇ ਮੂੰਹੋਂ ਝੱਟ ਦੇਣੇ ਪੋਲੇ ਜਿਹੇ ਨਿਕਲਿਆ ,",,,,ਸੁਨਹਿਰੀ ਗੋਟੇ ਵਾਲੀ ਚੁੰਨੀ। " ਮੈਂ ਹਾਂ ਚ ਸਿਰ ਹਿਲਾਇਆ ਤੇ ਮਾਂ ਨੇ ਕਿਹਾ ,,, 'ਪੁੱਤ ....'
ਤੇ ਇਹ ਕਹਿ ਮਾਂ ਨੇ ਮੈਨੂੰ ਗਲ਼ ਲਾ ਲਿਆ।

ਅੱਜ ਮੈਨੂੰ ਮਾਂ ਦੀਆਂ ਅੱਖਾਂ ਚੋਂ ਆਏ ਹੰਝੂ ਤਕਲੀਫ਼ ਨਹੀਂ ਸੀ ਦੇ ਰਹੇ ,,ਬਲਕਿ ਉਹ ਸਕੂਨ ਦੇ ਹੰਝੂ ਸਨ। ਉਹ ਸੱਚ , ਜੋ ਕੁਝ ਓਹਨਾਂ ਆਪਣੇ ਸੀਨੇ ਚ ਹੁਣ ਤੱਕ ਦੱਬ ਰੱਖਿਆ ,,ਅੱਜ ਓਹਨੂੰ ਓਹਦੀ ਧੀ ਨੇ ਪੁੱਟ ਕਿਧਰੇ ਦੂਰ ਸੁੱਟ ਦਿੱਤਾ ਸੀ। ਬਾਪੂ ਦੇ ਕਰੇ ਦੀ ਸਜਾ ਤਾਂ ਇੱਕ ਪਾਸੇ ,,ਦੂਜਾ ਸਾਨੂੰ ਇਸ ਸੱਚ ਤੋਂ ਦੂਰ ਰੱਖ ਮਾਂ ਨੇ ਜੋ ਬੋਝ ਆਪਣੇ ਦਿਲ ਤੇ ਚੁੱਕਿਆ ਸੀ ਅੱਜ ਸਭ ਦੂਰ ਹੋ ਗਿਆ ਸੀ ਸ਼ਾਇਦ। ਮਾਂ ਵਾਰ ਵਾਰ ਉਸ ਚੁੰਨੀ ਨੂੰ ਚੁੰਮ ਰਹੀ ਸੀ ਤੇ ਨਾਲੇ ਰੋਈ ਜਾ ਰਹੀ ਸੀ। ਮਾਂ ਨੇ ਉਸ ਚੁੰਨੀ ਦੀ ਬੁੱਕਲ ਮਾਰ ਲਈ ਜਿਵੇਂ ਕਿਧਰੇ ਨਾ ਕਿਧਰੇ ਉਸ ਵਿੱਚ ਬਾਪੂ ਦੀ ਯਾਦ ਦਾ ਨਿੱਘ ਹੋਵੇ।

֍֍֍֍֍ ਰਾਜਵੰਤ ਕੌਰ ਰਾਮਗੜ੍ਹੀਆ

ਈਮੇਲ : harjotsingh96280@gmail.com

## ਪਸ਼ੂਆਂ ਵਾਲਾ ਛਤੜਾ

ਮੇਰੇ ਨਾਨਕੇ ਪਿੰਡ ਸਾਡੇ ਘਰੇ ਇੱਕ ਕੋਠਾ ਹੁੰਦਾ ਸੀ , ਇੱਕ ਦਰਵਾਜਾ ਹੀ ਕਹਿ ਸਕਦੇ ਹੋਂ। ਜਿਸ ਦੇ ਦੋਨੇ ਪਾਸੇ ਬਾਰ ਰੱਖੇ ਹੋਏ ਸੀ। ਖੁੱਲ੍ਹਾ ਡੁੱਲਾ ਹੋਣ ਕਰਕੇ ਹਵਾ ਆਰ ਪਾਰ ਜਾਂਦੀ ਰਹਿੰਦੀ ਸੀ , ਜਿਸ ਕਾਰਨ ਗਰਮੀਆਂ ਵਿੱਚ ਸਾਰਾ ਟੱਬਰ ਹੀ ਉਸ ਵਿੱਚ ਬੈਠਦਾ ਸੀ। ਅਸੀਂ ਓਸ ਨੂੰ ਛਤੜਾ ਕਹਿੰਦੇ ਹੁੰਦੇ

ਸੀ।

ਯਕੀਨ ਮੰਨਿਓ , ਦੇਖਣ ਵਿੱਚ ਤਾਂ ਐਦਾਂ ਲੱਗਦਾ ਸੀ ਕਿ ਇਹ ਅੱਜ ਡਿੱਗਿਆ ਜਾਂ ਕੱਲ੍ਹ ਡਿੱਗਿਆ , ਪਰ ਫੇਰ ਵੀ ਸਾਰਾ ਟੱਬਰ ਓਸੇ ਛਤੜੇ ਵਿੱਚ ਬਹਿੰਦਾ ਸੀ । ਗਰਮੀਆਂ ਦੀਆਂ ਛੁੱਟੀਆਂ ਹੋਣੀਆਂ , ਨਾਨਕੀਂ ਜਾਣਾ ਤਾਂ ਸਭ ਤੋਂ ਪਹਿਲਾਂ ਉਸ ਛਤੜੇ ਵਿੱਚ ਹੀ ਬੈਠਣਾ।

ਜਿਵੇਂ ਆਪਣੇ ਦਿਮਾਗ ਵਿੱਚ ਆਪਣੇ ਘਰ ਦੀ ਜਾਂ ਨਾਨਕੇ ਘਰ ਦੀ ਇੱਕ ਤਸਵੀਰ ਬਣੀ ਹੁੰਦੀ ਹੈ, ਅਸੀਂ ਜਦੋਂ ਨਾਨਕਿਆਂ ਨੂੰ ਯਾਦ ਕਰਦੇ ਤਾਂ ਸਾਡੇ ਦਿਮਾਗ ਵਿੱਚ ਓਸ ਛਤੜੇ ਦੀ ਤਸਵੀਰ ਹੀ ਆਉਂਦੀ। ਗਰਮੀਆਂ ਵਿੱਚ ਜਦੋਂ ਕਦੇ ਰਾਤ ਨੂੰ ਹਨੇਰੀ ਜਾਂ ਮੀਂਹ ਆ ਜਾਂਦਾ ਤਾਂ ਸਾਰੇ ਜਣੇ ਫਟਾਫਟ ਆਪਣੇ ਮੰਜੇ ਓਸ ਛਤੜੇ ਵਿੱਚ ਕਰ ਲੈਂਦੇਂ।

ਤੇ ਅੱਜ ਮੈਂ ਉਹ ਨਜਾਰਾ ਸੋਚ ਕੇ ਹੀ ਹੈਰਾਨ ਹੋ ਜਾਨਾਂ ਕਿ ਸਭ ਨੂੰ ਪਤਾ ਸੀ ਕਿ ਇਸ ਦੀ ਹਾਲਤ ਠੀਕ ਨਹੀਂ ਆ , ਫਿਰ ਵੀ ਬਿਨਾ ਡਰੇ ਮੀਂਹਾਂ ਤੂਫਾਨਾਂ ਵਿੱਚ ਸਾਰੇ ਜਣੇ ਓਸ ਛਤੜੇ ਵੱਲ ਨੂੰ ਤੁਰ ਪੈਂਦੇ । ਅੰਦਰ ਕਮਰਿਆਂ ਵੱਲ ਕੋਈ ਨਾ ਜਾਂਦਾ , ਕਿਉਂਕਿ ਓਥੇ ਗਰਮੀ
ਲੱਗਦੀ ਸੀ ਤੇ ਏਥੇ ਛਤੜੇ ਵਿੱਚ ਠੰਡੀਂ ਹਵਾ ਆਉਂਦੀ ਸੀ।

ਮੈਂ ਆਪਣੇ ਮਾਮਿਆਂ ਤੇ ਨਾਨੇ ਨੂੰ ਕਹਿੰਦਾ ਰਹਿੰਦਾ ਕਿ ਇਹਦਾ ਕੀ ਭਰੋਸਾ ਜਦੋਂ ਮਰਜੀ ਡਿੱਗ ਪਵੇ । ਪਰ ਉਹ ਹਮੇਸ਼ਾ ਕਹਿੰਦੇ ਕਿ ਇਹ ਫਲਾਣੇ ਮਿਸਤਰੀ ਦਾ ਬਣਾਇਆ ਹੋਇਆ .... ਆਏਂ ਨਹੀਂ
ਡਿੱਗਦਾ। ਤੇ ਓਹਨਾਂ ਦੀ ਗੱਲ ਸੱਚ ਸਾਬਿਤ ਵੀ ਹੋਈ। ਓਸ ਖ਼ਸਤਾ ਹਾਲਤ ਵਿੱਚ ਵੀ ਉਹ ਛਤੜਾ ਕਈ ਸਾਲ ਕੱਢ ਗਿਆ।

ਜਿਵੇਂ ਸਾਰੇ ਪਰਿਵਾਰ ਨੂੰ ਓਸ ਛਤੜੇ ਤੇ ਯਕੀਨ ਸੀ ਤਾਂ ਓਸ ਛਤੜੇ ਨੇ ਵੀ ਭਰੋਸਾ ਨਹੀਂ ਤੋੜਿਆ , ਏਸੇ ਲਈ ਇੰਨੇ ਮੀਂਹ ਤੂਫ਼ਾਨਾਂ ਦੌਰਾਨ ਵੀ ਓਸ ਛਤੜੇ ਵਿੱਚ ਕੋਈ ਹਾਦਸਾ ਨਹੀਂ ਵਾਪਰਿਆ। ਬਣਿਆ ਉਹ ਇੱਟਾਂ ਦਾ ਹੀ ਸੀ , ਛੱਤ ਟੈਲ ਬੱਤੇ ਦੀ ਪਾਈ ਹੋਈ ਸੀ , ਪਰ ਤਿੰਨ ਗਾਡਰਾਂ ਦੇ ਨਾਲ ਦੋ ਲਟੈਣਾਂ ਪਾਈਆਂ ਹੋਈਆਂ ਸੀ।

ਉਹਨਾ ਲਟੈਣਾਂ ਅਤੇ ਬੱਤਿਆਂ ਦੇ ਵਿਚਕਾਰ ਜੋ ਜਗ੍ਹਾ ਬਣਦੀ ਸੀ , ਓਥੇ ਚਿੜੀਆਂ ਤੇ ਘੁੱਗੀਆਂ ਆਪਣੇ ਆਲ੍ਹਣੇ ਪਾ ਲੈਂਦੀਆਂ ਸੀ , ਬਹੁਤ ਸਾਰੀਆਂ ਚਿੜੀਆਂ ਓਥੇ ਆਉਂਦੀਆਂ ਜਾਂਦੀਆਂ , ਆਪਣੇ ਬੱਚੇ ਆਲ੍ਹਣਿਆਂ ਵਿੱਚ ਪਾਲਦੀਆਂ। ਅਸੀਂ ਨਿੱਕੇ ਹੁੰਦੇ ਸਾਰਾ ਸਾਰਾ ਦਿਨ ਉਹਨਾਂ ਚਿੜੀਆਂ ਨੂੰ ਦੇਖਦੇ ਰਹਿੰਦੇ ਤੇ ਖੇਡਦੇ ਰਹਿੰਦੇ।

ਮੀਂਹ ਹਨੇਰੀ ਵਿੱਚ ਰਾਤ ਨੂੰ ਬਿਜਲੀਆਂ ਕੜਕਦੀਆਂ , ਸਾਰੇ ਮਾਮੇ ਭਾਣਜੇ ਇਕੱਠੇ ਹੋਕੇ ਓਥੇ ਪਏ ਰਹਿੰਦੇ। ਕੋਈ ਡਰ ਨਾ ਲੱਗਦਾ। ਮੇਰੀ ਨਾਨੀ ਸਾਨੂੰ ਟੋਕਦੀ ਰਹਿੰਦੀ ਕਿ ਮਾਮੇ ਭਾਣਜੇ ਬਿਜਲੀ ਲਿਸ਼ਕਦੀ ਵਿੱਚ ਇਕੱਠੇ ਨਹੀਂ ਪੈਂਦੇ , ਪਰ ਅਸੀਂ ਕਿੱਥੇ ਸੁਣਦੇ ਸੀ।

ਅਸੀਂ ਤਾਂ ਦੋਨੇ ਭਰਾ ਜ਼ਿਦ ਕਰਦੇ ਹੁੰਦੇ ਸੀ ਕਿ ਮੈਂ ਫ਼ਲਾਣੇ ਮਾਮੇ ਨਾਲ ਪੈਣਾ ਮੈ ਫ਼ਲਾਣੇ ਨਾਲ ਪੈਣਾ। ਤਿੰਨ ਮਾਮੇ ਨੇ , ਜੇ ਮਾਮਾ ਕਹਿੰਦੇ ਤਾਂ ਤਿੰਨੋ ਇਕੱਠੇ ਹੀ ਬੋਲ ਪੈਂਦੇ , ਇਸ ਲਈ ਅਸੀਂ ਮਾਮੇ ਨਾਲ
ਓਹਨਾਂ ਦਾ ਨਾਮ ਲੈਕੇ ਬੁਲਾਉਂਦੇ ਸੀ , ਤਾਂ ਕਿ ਕੋਈ ਕਨਫਿਊਜਨ ਨਾ ਰਹੇ।

ਪਰ ਸਮਾਂ ਕਦੋਂ ਗੁਜਰ ਗਿਆ ਪਤਾ ਹੀ ਨਾ ਚੱਲਿਆ। ਬਾਰਾਂ ਕੁ ਸਾਲ

ਪਹਿਲਾਂ ਉਹ ਛਤੜਾ ਢਾਹ ਦਿੱਤਾ। ਹੁਣ ਨਾ ਤਾਂ ਚਿੜੀਆਂ ਰਹੀਆਂ ਤੇ ਨਾ ਹੀ ਉਹਨਾਂ ਦਾ ਉਹ ਘਰ।

ਅਸੀਂ ਜਿਹੜੇ ਛੁੱਟੀਆਂ ਵਿੱਚ ਮਹੀਨਾ ਮਹੀਨਾ ਨਾਨਕੇ ਰਹਿਕੇ ਆਉਂਦੇ ਸੀ , ਹੁਣ ਜਦੋਂ ਵੀ ਜਾਈਦਾ ਤਾਂ ਸ਼ਾਮ ਤੱਕ ਮੁੜ ਆਈਦਾ। ਆਖਰੀ ਵਾਰ ਰਾਤ ਕਦੋਂ ਰਹੇ ਸੀ , ਸ਼ਾਇਦ ਚਾਰ ਸਾਲ ਪਹਿਲਾਂ ਰਹੇ ਸੀ , ਜਦੋਂ ਮੇਰੀ ਨਾਨੀ ਗੁਜਰੀ ਸੀ।

ਹੁਣ ਬੜੇ ਯਾਦ ਆਉਂਦੇ ਨੇ ਉਹ ਦਿਨ , ਉਹ ਛਤੜਾ , ਉਹ ਚਿੜੀਆਂ, ਤੇ ਨਾਨੀ ਜਿਹੜੇ ਵਕ਼ਤ ਨੇ ਸਾਡੇ ਤੋਂ ਖੋਹ ਲਏ।

֍֍֍֍֍

**ਕਰੇਜ਼ੀ ਰਾਇਟਰ**

**ਇੰਸਟਾਗ੍ਰਾਮ : crazy_writer05**

## ਅਖ਼ੀਰ ਤੱਕ

ਸਪੀਕਰ ਵਿੱਚ ਗ੍ਰੰਥੀ ਸਿੰਘ ਵੱਲੋਂ ਬੇਨਤੀ ਨੇ ਬਾਬਾ ਜੱਗਰ ਸਿਉਂ ਦੇ ਸੀਨੇ ਵਿੱਚ ਖੋਹ ਜਿਹੀ ਪਾ ਦਿੱਤੀ। "ਵਾਹਿਗੁਰੂ ਜੀ ਕਾ ਖਾਲਸਾ .... ਵਾਹਿਗੁਰੂ ਜੀ ਕੀ ਫਤਿਹ ....

ਸਰਬੱਤ ਨਗਰ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਆ .. ਕਿ ਭਾਈ

ਨਾਜਰ ਸਿੰਘ ਸਪੁੱਤਰ ਸਵ ਸਰਦਾਰ ਸੁਲੱਖਣ ਸਿੰਘ ਰੂਪੇ ਕੇ ਖਾਨਦਾਨ ਚੋਂ ਭਾਈ  ਨਾਜਰ ਸਿੰਘ ਅਕਾਲ ਚਲਾਣਾ ਕਰ ਗਏ ... ਉਹਨਾਂ ਦਾ ਅੰਤਿਮ ਸੰਸਕਾਰ ਇੱਕ ਵਜੇ ਕੀਤਾ ਜਾਣਾ ... ਸਰਬੱਤ ਨਗਰ ਨਿਵਾਸੀਆਂ ਨੂੰ ਉਹਨਾਂ ਦੇ ਅੰਤਿਮ ਸੰਸਕਾਰ ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਆ .... ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਿਹ।"

ਜੱਗਰ ਸਿਉਂ ਜੀਹਦਾ ਮੰਜਾ ਘਰਦਿਆਂ ਨੇ ਪਸ਼ੂਆਂ ਵਾਲੇ ਵਾੜੇ ਵਿੱਚ ਡਾਹਿਆ ਹੋਇਆ ਸੀ। ਕਿਉਂਕਿ ਬਹੂਆਂ ਕਹਿੰਦੀਆਂ ਬਾਪੂ ਸਾਰਾ ਦਿਨ ਸਿਰ ਖਾ ਜਾਂਦਾ। ਸਾਡੇ ਰਿਸ਼ਤੇਦਾਰ ਆਉਂਦੇ ਆ ਸਾਨੂੰ ਸ਼ਰਮ ਆਉਂਦੀ ਆ ਜਦੋਂ ਬਾਪੂ ਵਾਰੀ ਵਾਰੀ ਖੰਘਦਾ। ਮੁੰਡਿਆਂ ਨੇ ਮੰਜਾ ਚੱਕ ਕੇ ਪਸ਼ੂਆਂ ਵਾਲੇ ਵਾੜੇ ਵਿੱਚ ਡਾਹਿਆ। ਆਉਂਦਾ ਜਾਂਦਾ ਕੋਈ ਚਾਹ ਫੜਾ ਜਾਂਦਾ ਪਾਣੀ ਤਾਂ ਕੋਲ ਈ ਘੜਾ ਪਿਆ ਸੀ।

ਨਾਜਰ ਸਿਉਂ ਤੇ ਜੱਗਰ ਸਿਉਂ ਬਚਪਨ ਦੇ ਆੜੀ ਸਨ। ਕੱਠਿਆਂ ਨੇ ਟੋਭੇ ਤੇ ਨਹਾਉਣਾ ਖੇਡਣਾ ਹਾੜੀ ਸਾਉਣੀ ਕੱਠਿਆਂ ਨੇ ਵੱਢਣੀ ਬੀਜਣੀ। ਇੱਥੋਂ ਤੱਕ ਕਿ ਕੋਈ ਰਿਸ਼ਤੇਦਾਰ ਇਹ ਨਹੀਂ ਕਹਿੰਦਾ ਸੀ ਕਿ ਦੋਸਤ ਆ ਕਿ ਸਕੇ ਭਰਾ। ਵਿਆਹ ਵਿੱਚ ਵੀ ਜੱਗਰ ਸਿਉਂ ਨੂੰ ਸਰਵਾਲਾ ਬਣਾਇਆ ਨਾਜਰ ਸਿਉਂ ਦਾ। ਪਰ ਹੁਣ ਬੱਚੇ ਵੱਡੇ ਹੋ ਗਏ। ਕਿਸੇ ਗੱਲੋਂ ਬੱਚਿਆਂ ਵਿੱਚ ਲੜਾਈ ਹੋਈ ਤੇ ਕੰਮ ਦੁਸ਼ਮਣੀ ਤੇ ਪਹੁੰਚ ਗਿਆ। ਪਰ ਜੱਗਰ ਤੇ ਨਾਜਰ ਫਿਰ ਚੋਰੀ ਚੋਰੀ ਮਿਲਦੇ। ਅੱਜ ਜਦੋਂ ਨਾਜਰ ਦੁਨੀਆ ਤੋਂ ਚੜ੍ਹਾਈ ਕਰ ਗਿਆ ਤਾਂ ਜੱਗਰ ਸਿਉਂ ਨੇ ਆਵਦੇ ਪੋਤੇ ਨੂੰ ਕਿਹਾ ਪੁੱਤ ਮੈਨੂੰ ਜਾਂਦੀ ਵਾਰ ਦਾ ਮੂੰਹ ਵਿਖਾ ਲਿਆ ਨਾਜਰ ਦਾ ਹੁਣ ਦੇ ਵਿਛੋੜੇ ਕਦੇ ਵੀ ਪੂਰੇ ਨਹੀਂ ਹੋਣੇ। ਪੋਤੇ ਨੇ ਫੱਟ ਦੇਣੇ ਕਿਹਾ, "ਬਾਹਲਾ ਹੇਜ ਆ ਬੁੜਿਆ ਤੂੰ ਵੀ ਜਾਂਦਾ ਰਹਿ ਨਾਲ ਈ ਉਹਦੇ।

ਉਹ ਤਾਂ ਮਰ ਗਿਆ ਘਰਦਿਆਂ ਦਾ ਖਹਿੜਾ ਛੱਡ ਗਿਆ ਤੇਰੀ ਵਾਰੀ ਪਤਾ ਨਹੀਂ ਕਦੋਂ ਆਊ ।" ਬਾਪੂ ਚੁੱਪ ਹੋ ਗਿਆ।

ਗਿਆਰਾਂ ਵਜੇ ਜਦੋਂ ਮੱਝਾਂ ਦੇ ਭਿੜਨ ਦਾ ਖੜਕਾ ਘਰਦਿਆਂ ਨੂੰ ਸੁਣਿਆ ਤਾਂ ਛੋਟੀ ਬਹੂ ਭੱਜੀ ਆਈ ਤੇ ਰੌਲ਼ਾ ਪਾਉਂਦੀ ਆਵੇ " ਜਾਏ ਵੱਢੇ ਬੁੜੇ ਦੀ ਜੀਭ ਵੱਢੀ ਜਾਵੇ ਵਾਜ ਤਾਂ ਮਾਰ ਦਿੰਦਾ ਪਸ਼ੂ ਭਿੜੀ ਜਾਂਦੇ ਆ .... ਸੱਜਰ ਲਵੇਰੀਆਂ ਮੂੰਹ ਨੂੰ ਠੂਠਾ ਕਿਵੇਂ ਲਾ ਲੈਂਦਾ ਪੀਣ ਨੂੰ। ਪਸ਼ੂਆਂ ਵੱਲੋਂ ਜਦੋਂ ਜੱਗਰ ਸਿਉਂ ਵੱਲ ਹੋਈ ਤਾਂ ਜੱਗਰ ਸਿਉਂ ਇੱਕ ਪਾਸੇ ਟੇਢਾ ਹੋ ਪਿਆ ਸੀ ਪਰ ਭੌਰ ਕਦੋਂ ਦਾ ਉੱਡ ਗਿਆ ਸੀ। ਚਾਰ ਵਜੇ ਦੋਵਾਂ ਦਾ ਸੰਸਕਾਰ ਬਰਾ ਬਰੋਬਰ ਚਿਖਾ ਚਿਣ ਕੇ ਕੀਤਾ।

ਸਿਵਿਆਂ ਵਿੱਚ ਖੜੇ ਬੰਦੇ ਦੋਹਾਂ ਦੀ ਯਾਰੀ ਦੀ ਗੱਲ ਕਰਦੇ ਰਹੇ ਸਾਰਾ ਪਿੰਡ ਹੈਰਾਨ ਹੋ ਗਿਆ ਕਿ ਦੋਸਤੀ " ਅਖ਼ੀਰ ਤੱਕ " ਨਿਭਾਈ।

**ਸਿਮਰ ਸੰਧੂ**

**ਇੰਸਟਾਗ੍ਰਾਮ : simr_stories_**

# ਪਿਆਸੀ ਜ਼ਮੀਨ

ਕਾਫ਼ੀ ਪੁਰਾਣੇ ਸਮੇਂ ਦੀ ਗੱਲ ਹੈ। ਦੋ ਦੇਸ਼ ਇੱਕ ਦੇਸ਼ ਦਾ ਨਾਂ ਸੀ ਕੁਫ਼ਰ(ਕਾਲਪਨਿਕ) ਤੇ ਦੂਜੇ ਦੇਸ਼ ਦਾ ਨਾਂ ਸੀ - ਇਬਾਦਤ (ਕਾਲਪਨਿਕ)।

ਕੁਫ਼ਰ ਦੇਸ਼ ਦੀ ਜ਼ਮੀਨ ਦੇ ਰੱਬ ਨੂੰ ਨਾ ਮੰਨਣ ਵਾਲੇ ਲੋਕ

ਰਹਿੰਦੇ ਸੀ।ਇਬਾਦਤ ਦੇਸ਼ 'ਚ ਰੱਬ ਨੂੰ ਮੰਨਣ ਵਾਲੇ ਲੋਕ ਰਹਿੰਦੇ ਸੀ।ਬੇਸ਼ੱਕ ਕੁਫ਼ਰ ਦੇਸ਼ ਦੇ ਲੋਕ ਰੱਬ ਨੂੰ ਨਹੀਂ ਸੀ ਮੰਨਦੇ ਪਰ ਉਹ ਸਭ ਤੋਂ ਵੱਧ ਤਵੱਜੋ ਇਨਸਾਨੀਅਤ ਨੂੰ ਦੇਂਦੇ ਸੀ।ਹਰ ਜਰੂਰਤਮੰਦ ਸਾਥੀ ਦੀ ਜ਼ਰੂਰਤ ਨੂੰ ਪੂਰਾ ਕਰਦੇ ਅਤੇ ਆਪਣੇ ਦੇਸ਼ ਦੇ ਲੋਕਾਂ ਦੇ ਭਲੇ ਵਿੱਚ ਹੀ ਆਪਣਾ ਭਲਾ ਸਮਝਦੇ ਸੀ। ਕੁਫ਼ਰ ਦੇਸ਼ ਦਾ ਜੋ ਰਾਜਾ ਸੀ ਉਸ ਦਾ ਖਾਨਦਾਨ ਵੀ ਮੁੱਢ ਤੋਂ ਹੀ ਇਨਸਾਨੀਅਤ ਨੂੰ ਤਵੱਜੋ ਦਿੰਦਾ ਆ ਰਿਹਾ ਸੀ'ਤੇ ਇਸ ਤਰ੍ਹਾਂ ਇਸ ਰਾਜੇ ਦੀ ਵੀ ਫ਼ਿਤਰਤ ਇਹ ਹੀ ਸੀ। ਇਸ ਤਰ੍ਹਾਂ ਕੁਫ਼ਰ ਦੇਸ਼ ਦੀ ਜ਼ਮੀਨ ਬਹੁਤ ਖ਼ੁਸ਼ਹਾਲ 'ਤੇ ਹਰੀ ਭਰੀ ਸੀ।

ਹੁਣ ਗੱਲ ਕਰਦੇ ਆ ਦੇਸ਼ ਇਬਾਦਤ ਦੀ ।ਇਬਾਦਤ ਦੇਸ਼ ਦੇ ਲੋਕ ਸਿਰਫ਼ ਇਬਾਦਤ ਨੂੰ ਹੀ ਯਾਦ ਰੱਖਦੇ ਸੀ,ਉਹਨਾਂ ਦਾ ਇਨਸਾਨੀਅਤ ਵੱਲ ਕੋਈ ਧਿਆਨ ਨਹੀਂ ਸੀ।ਉਹ 24 ਘੰਟੇ ਰੱਬ ਦੀ ਬੰਦਗੀ 'ਚ ਲੱਗੇ ਰਹਿੰਦੇ ਅਤੇ ਜੇਕਰ ਕੋਈ ਇਨਸਾਨ ਓਹਨਾਂ ਕੋਲ ਮਦਦ ਮੰਗਣ ਲਈ ਆ ਜਾਂਦਾ ਤਾਂ ਉਹਨਾਂ ਦੇ ਸ਼ਬਦ ਹੁੰਦੇ "ਤੈਨੂੰ ਦਿਖਾਈ ਨਹੀਂ ਦੇ ਰਿਹਾ ਮੈਂ ਖ਼ੁਦਾ ਦੀ ਬੰਦਗੀ ਕਰ ਰਿਹਾ ਹਾਂ,ਚੱਲ ਭੱਜ ਇੱਥੋਂ,ਮੇਰੇ ਕੋਲ ਕੁਝ ਨਹੀਂ ਤੇਰੀ ਮਦਦ ਕਰਨ ਲਈ"। ਇਬਾਦਤ ਦੇਸ਼ ਦਾ ਰਾਜਾ ਵੀ ਸਾਰਾ ਦਿਨ ਰੱਬ ਤੋਂ ਮੰਗੀ ਜਾਂਦਾ ਪਰ ਪਰਜਾ ਲਈ ਕੁਝ ਨਹੀਂ ਸੀ ਕਰਦਾ।ਇਸ ਤਰ੍ਹਾਂ ਇਬਾਦਤ ਦੇਸ਼ ਦੇ ਲੋਕ ਅਤੇ ਰਾਜਾ ਕੋਈ ਵੀ ਕੰਮ ਵੀ ਨਹੀਂ ਕਰਦੇ ਸੀ।ਉਹ ਕੰਮਚੋਰ ਬਣ ਗਏ ਅਤੇ ਹੌਲ਼ੀ-ਹੌਲ਼ੀ ਉਹਨਾਂ ਦੇ ਦੇਸ਼ 'ਚੋਂ ਸਾਰੇ ਜੰਗਲ 'ਤੇ ਕੰਦ-ਮੂਲ ਖ਼ਤਮ ਹੋ ਗਏ। ਨਵਾਂ ਅੰਨ ਉਹਨਾਂ ਨੇ ਬੀਜਿਆ ਨਹੀਂ 'ਤੇ ਪੁਰਾਣਾ ਹੌਲ਼ੀ-ਹੌਲ਼ੀ ਖ਼ਤਮ ਹੋ ਰਿਹਾ ਸੀ।ਇਸ ਤਰ੍ਹਾਂ ਇਬਾਦਤ ਦੇਸ਼ ਦੀ ਜ਼ਮੀਨ ਪਿਆਸੀ ਹੋ ਗਈ।ਜ਼ਮੀਨ 'ਤੇ ਸੋਕਾ ਪੈ ਗਿਆ ,ਹਰਿਆਲੀ ਖ਼ਤਮ ਹੋ ਗਈ।ਸਾਰੇ ਲੋਕ ਭੁੱਖੇ ਮਰਨ ਲਗੇ ,ਭੁੱਖੇ ਮਰਦਿਆਂ ਦਾ ਉਹਨਾਂ ਦਾ ਇਬਾਦਤ ਕਰਨ ਨੂੰ ਵੀ ਜੀਅ ਨਾ

ਕਰਦਾ,ਬੱਚੇ-ਬਜ਼ੁਰਗ ਭੁੱਖ ਨਾਲ ਮਰਨ ਲੱਗੇ।ਇਬਾਦਤ ਦੇਸ਼ ਦਾ ਰਾਜਾ ਵੀ ਬਿਮਾਰ ਹੋ ਗਿਆ।ਵੈਦ ਨੂੰ ਬੁਲਾਇਆ ਗਿਆ ,ਰਾਜੇ ਨੇ ਵੈਦ ਅੱਗੇ ਗੁਹਾਰ ਲਈ ਵੀ ਕੋਈ ਹੱਲ ਦੱਸਿਆ ਜਾਵੇ ਤਾਂ ਵੈਦ ਨੇ ਕਿਹਾ ਕਿ "ਆਪਣੇ ਲਾਗੇ ਵਾਲੇ ਦੇਸ਼ ਕੁਫ਼ਰ'ਚ ਇੱਕ ਫ਼ਕੀਰ ਹੈ ਉਹ ਸਾਡੇ ਮਸਲੇ ਨੂੰ ਹੱਲ ਕਰ ਸਕਦਾ ਹੈ"। ਉਸ ਫ਼ਕੀਰ ਨੂੰ ਬੁਲਾਇਆ ਗਿਆ ਤਾਂ ਫ਼ਕੀਰ ਨੇ ਦੱਸਿਆ ਕਿ ਕੁਫ਼ਰ ਦੇਸ਼ ਦੀ ਰਾਜਕੁਮਾਰੀ ਜੋ ਬਹੁਤ ਪਿਆਰੀ ਅਤੇ ਮਸਲਿਆਂ ਨੂੰ ਸੁਲਝਾਉਣ ਵਾਲੀ ਹੈ।ਉਸ ਤੋਂ ਮਦਦ ਮੰਗੋ ਕੋਈ ਰਸਤਾ ਜ਼ਰੂਰ ਨਿਕਲ ਆਵੇਗਾ।

ਇਬਾਦਤ ਦੇਸ਼ ਦੇ ਰਾਜਾ ਨੇ ਕੁਫ਼ਰ ਦੇਸ਼ ਦੇ ਰਾਜਾ ਨੂੰ ਇੱਕ ਚਿੱਠੀ ਭੇਜੀ ਜਿਸ ਵਿੱਚ ਰਾਜਕੁਮਾਰੀ ਤੋਂ ਮਦਦ ਦੀ ਗੁਹਾਰ ਲਾਈ ਗਈ। ਇਹ ਸੂਚਨਾ ਪੜ ਕੇ ਕੁਫ਼ਰ ਦੇਸ਼ ਦਾ ਰਾਜਾ ਆਪਣੀ ਬੇਟੀ ਨਾਲ ਇਬਾਦਤ ਦੇਸ਼ ਗਿਆ।ਜਦ ਰਾਜਾ ਅਤੇ ਰਾਜਕੁਮਾਰੀ ਇਬਾਦਤ ਦੇਸ਼ ਵਿੱਚ ਪੁਹੰਚੇ ਤਾਂ ਸਾਰੀ ਜਨਤਾ ਦਾ ਅਤੇ ਰਾਜੇ ਦਾ ਬੁਰਾ ਹਾਲ ਦੇਖ ਕੇ ਰਾਜਕੁਮਾਰੀ ਅਤੇ ਰਾਜਾ ਦੀਆਂ ਅੱਖਾਂ 'ਚੋਂ ਹੰਝੂ ਗਿਰ ਪਏ ਅਤੇ ਜਿਸ ਜ਼ਮੀਨ ਤੇ ਹੰਝੂ ਗਿਰੇ ਸੀ ਉਸ ਜ਼ਮੀਨ 'ਤੇ ਹਰਿਆਲੀ ਆ ਗਈ।ਰਾਜਕੁਮਾਰੀ ਨੇ ਛੇਤੀ-ਛੇਤੀ ਆਪਣੇ ਸੈਨਿਕਾਂ ਨਾਲ ਰਲ ਕੇ ਪਾਣੀ ਦਾ ਇੰਤਜ਼ਾਮ ਕੀਤਾ ਅਤੇ ਉਸ ਜ਼ਮੀਨ ਤੇ ਬਹੁਤ ਸਾਰੇ ਦਰੱਖਤ ਅਤੇ ਫ਼ਲਾਂ ਦੇ ਬੂਟੇ ਲਗਵਾ ਦਿੱਤੇ।ਇਸ ਤਰ੍ਹਾਂ ਇਬਾਦਤ ਜ਼ਮੀਨ 'ਤੇ ਮੁੜ ਹਰਿਆਲੀ ਆ ਗਈ ਤੇ ਹੁਣ ਇਬਾਦਤ ਦੇਸ਼ ਦੇ ਲੋਕਾਂ ਨੇ ਇਬਾਦਤ ਦੇ ਨਾਲ - ਨਾਲ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਅਤੇ ਇਨਸਾਨੀਅਤ ਦਾ ਪਾਠ ਸਿੱਖ ਲਿਆ ਸੀ।

**ਸਿੱਖਿਆ - ਕੁਫ਼ਰ ਹੋਵੇ ਜਾਂ ਇਬਾਦਤ ਹੋਵੇ, ਇਨਸਾਨੀਅਤ ਨਾ ਕਦੇ ਮਨਫ਼ੀ ਹੋਵੇ।।**

**ਕਮਲਦੀਪ ਕੌਰ**

(ਸੋਨਟ)

ਈਮੇਲ : kdeepkaur193@gmail.com

# ਉਮੀਦ

ਬਾਪੂ ਜੀ ਦੇ ਤੁਰ ਜਾਣ ਤੋਂ ਬਾਅਦ ਕਿਸੇ ਚਾਚੇ ਤਾਏ ਨੇ ਸਾਰ ਨਾ ਲਈ ਪਰ ਇਕ ਭੂਆ ਸੀ ਜੋ ਕੰਧ ਬਣਕੇ ਨਾਲ ਖੜੀ ਰਹੀ।ਬੇਬੇ ਨੇ ਤਾਂ ਮੈਨੂੰ ਪੜਨੋ ਹਟਾ ਹੀ ਲਿਆ ਸੀ ਕਿ ਕੁੜੀਆਂ ਨੇ ਤਾਂ ਅਗਾਂਹ ਜਾ ਕੇ ਘਰ ਦਾ ਚੁੱਲ੍ਹਾ ਚੌਂਕਾ ਹੀ ਸਾਂਭਣਾ ਹੁੰਦਾ ਆ। ਮੈਂ ਤਾਂ ਬੇਬੇ ਜੀ ਦੀ ਗੱਲ ਮੰਨ ਕੇ ਪੜਨੋ ਹਟ ਗਈ ਪਰ ਆਪਣੇ ਤੋਂ ਛੋਟੀ ਨੂੰ ਪੜਨੋ ਨਾ ਹਟਾਇਆ।ਬੇਬੇ ਸਾਰਾ ਦਿਨ ਪਸ਼ੂਆਂ ਨਾਲ ਲੱਗੀ ਰਹਿੰਦੀ ਤੇ ਮੈਂ ਵੀ ਸਿਲਾਈ ਦਾ ਕੰਮ ਸਿੱਖ ਕੇ ਸੂਟ ਸਿਉਣੇ ਸ਼ੁਰੂ ਕਰ ਦਿੱਤੇ।

ਪਤਾ ਹੀ ਨਾ ਚੱਲਿਆ ਕਿਵੇਂ ਦਿਨਾਂ ਚ ਹੀ ਮੇਰੇ ਸੂਟਾਂ ਦੀ ਮਸ਼ਹੂਰੀ ਸਾਰੇ

ਪਿੰਡ ਚ ਹੋ ਗਈ ਤੇ ਮੇਰਾ ਕੰਮ ਸੋਹਣਾ ਚੱਲ ਪਿਆ।ਇੱਕ ਉਮੀਦ ਹੋ ਗਈ ਕਿ ਹੁਣ ਆਪਣੀ ਪੜਾਈ ਦਾ ਖਰਚਾ ਆਪ ਚੁੱਕ ਲਵਾਂਗੀ।
ਘਰ ਦਾ ਗੁਜ਼ਾਰਾ ਵੀ ਪਹਿਲਾਂ ਨਾਲੋਂ ਸੋਹਣਾ ਚੱਲਣ ਲੱਗ ਗਿਆ ਤਾਂ ਸ਼ਾਇਦ ਤਾਏ ਹੁਣਾ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋਈ ਤਾਂ ਓਹਨਾਂ ਨੇ ਜ਼ਮੀਨ ਦਾ ਆਉਂਦਾ ਹਾਲਾ ਦੇਣਾ ਬੰਦ ਕਰ ਦਿੱਤਾ।ਅਸੀਂ ਇੱਕ ਦੋ ਵਾਰ ਪੈਸਿਆਂ ਦੀ ਗੱਲ ਕੀਤੀ ਤਾਂ ਤਾਈ ਨੇ ਰੱਜ ਕੇ ਕਲੇਸ਼ ਕੀਤਾ।
ਮੁੜਕੇ ਗੇਟਾਂ ਅੱਗੇ ਟੂਣੇ ਕਰਨੇ ਸ਼ੁਰੂ ਕਰ ਦਿੱਤੇ ਤੇ ਆਏ ਦਿਨ ਮੇਰੇ ਅਤੇ ਬੇਬੇ ਉੱਤੇ ਨਵੇਂ ਨਵੇਂ ਇਲਜ਼ਾਮ ਲਗਾਉਣੇ ਸ਼ੁਰੂ ਕਰ ਦਿੱਤੇ।ਤਾਏ ਹੁਣਾ ਨਾਲ ਕਲੇਸ਼ ਵਧਦਾ ਵੇਖ ਕੇ ਬੇਬੇ ਨੇ ਡਰਦੀ ਨੇ ਓਹਨਾਂ ਦੇ ਬੂਹੇ ਅੱਗਿਓਂ ਲੰਘਣਾ ਬੰਦ ਕਰ ਦਿੱਤਾ।
ਇੱਕ ਦਿਨ ਬੇਬੇ ਧਾਰਾਂ ਕੱਢਣ ਗਈ ਤਾਂ ਮੱਝ ਨੇ ਲੱਤ ਮਾਰ ਦਿੱਤੀ ਤਾਂ ਬੇਬੇ ਦੇ ਡਿੱਗਣ ਕਰਕੇ ਮਣਕੇ ਹਿੱਲ ਗਏ।

ਮੈਂ ਤਾਂ ਪੂਰੀ ਤਰਾਂ ਟੁੱਟ ਗਈ ਸੀ ਪਰ ਫੇਰ ਵੀ ਖ਼ੁਦ ਨੂੰ ਹੌਂਸਲਾ ਦੇ ਕੇ ਘਰਦਾ ਖਰਚਾ ਚਲਾਉਂਦੀ ਰਹੀ। ਫੇਰ ਰਿਸ਼ਤੇਦਾਰਾਂ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਹੁਣ ਧੀ ਜਵਾਨ ਹੋ ਗਈ ਆ ਇਹਨੂੰ ਵਿਆਹ ਦਿਓ।ਮੈਂ ਆਪਣੇ ਤੋਂ ਛੋਟੀ ਨੂੰ ਪੜਾ ਲਿਖਾ ਕੇ ਕਿਸੇ ਵਧੀਆ ਮੁਕਾਮ ਤੇ ਪਹੁੰਚਾਉਣਾ ਚਾਹੁੰਦੀ ਸੀ ਪਰ ਮੇਰਾ ਜ਼ੋਰ ਨਾ ਚੱਲਿਆ ਤੇ ਭੂਆ ਨੇ ਆਪਣੇ ਜੇਠ ਦੇ ਮੁੰਡੇ ਨਾਲ ਮੇਰਾ ਰਿਸ਼ਤਾ ਪੱਕਾ ਕਰ ਦਿੱਤਾ।ਨਾ ਕੋਈ ਦੇਖ ਦਿਖਾਲਾ ਹੋਇਆ ਨਾ ਕਿਸੇ ਨੇ ਮੇਰੀ ਹਾਂ ਨਾਂਹ ਪੁੱਛੀ ਬਸ ਪਾਠੀ ਸਿੰਘ ਨੇ ਲਾਵਾਂ ਪੜ ਦਿੱਤੀਆਂ।ਮੈਂ ਬੇਬੇ ਕਰਕੇ ਤੇ ਰੱਬ ਦਾ ਭਾਣਾ ਸਮਝ ਕੇ ਕੁਝ ਬੋਲਣਾ ਜਰੂਰੀ ਨਾ ਸਮਝਿਆ।ਸਹੁਰੇ ਘਰ ਚ ਸੱਸ ਦਾ ਪੂਰਾ ਰੋਹਬ ਸੀ ਮੇਰੀਆਂ ਦੋ ਨਨਾਣਾਂ

ਮੇਰੇ ਤੋਂ ਛੋਟੀਆਂ ਤੇ ਇੱਕ ਦਿਓਰ ਤਿੰਨੋ ਕੁਵਾਰੇ ਸੀ।ਵਿਆਹ ਦੀ ਹਜੇ ਮਹਿੰਦੀ ਨਹੀਂ ਉਤਰੀ ਸੀ ਜਦੋਂ ਮੇਰੀ ਸੱਸ ਨੇ ਮੈਨੂੰ ਪੱਠੇ ਕੁਤਰਨ ਲ੍ਹਾ ਦਿੱਤਾ ਸੀ।ਸਾਰਾ ਦਿਨ ਪਸ਼ੂਆਂ ਦਾ ਕੰਮ ਕਰਨਾ ਦਿਹਾੜੀ ਚ ਦੋ ਦੋ ਵਾਰ ਵਿਹੜਾ ਸੁੰਬਰਨਾ ਪਰ ਫੇਰ ਵੀ ਆਪਣੇ ਆਪ ਨੂੰ ਨਿਕੰਮੀ ਸਦਾਉਣਾ।
ਘਰ ਵਾਲਾ ਵੀ ਬਾਹਲਾ ਕਲੇਸ਼ ਕਰਦਾ ਸੀ ਘਰ ਦਾ ਸਾਰਾ ਖਰਚਾ ਮੇਰੀ ਸੱਸ ਹੀ ਕਰਿਆ ਕਰਦੀ ਸੀ।ਜਦੋਂ ਓਹਨਾਂ ਨੂੰ ਪਤਾ ਲੱਗਿਆ ਕਿ ਮੈਂ ਸਿਲਾਈ ਦਾ ਕੰਮ ਜਾਣਦੀ ਆ ਤਾਂ ਮੈਨੂੰ ਮਸ਼ੀਨ ਲਿਆ ਦਿੱਤੀ ਮੈਂ ਸੋਚਿਆ ਚਲੋ ਡੰਗਰਾਂ ਨਾਲ ਡੰਗਰ ਹੋਣੋਂ ਚੰਗਾ ਆ ਕਿ ਬੈਠੀ ਕੱਪੜੇ ਸਿਉਂਦੀ ਰਹਾਂਗੀ।

ਘਰ ਵਾਲਾ ਪਹਿਲਾਂ ਤਾਂ ਮਾੜਾ ਮੋਟਾ ਕੋਈ ਕੰਮ ਧੰਦਾ ਕਰ ਹੀ ਲੈਂਦਾ ਸੀ ਪਰ ਮੇਰੇ ਸਿਲਾਈ ਕਰਨ ਮਗਰੋਂ ਉੱਕਾ ਹੀ ਘਰ ਬੈਠ ਗਿਆ।
ਮੈਂ ਸਾਰਾ ਦਿਨ ਮਸ਼ੀਨ ਚਲਾ ਚਲਾ ਕੇ ਮਸ਼ੀਨ ਬਣ ਗਈ ਸੀ ਪਰ ਆਪਣੇ ਸਹੁਰਿਆਂ ਲਈ ਮੈਂ ਸ਼ਾਇਦ ਪੈਸਿਆਂ ਦੀ ਮਸ਼ੀਨ ਹੀ ਸੀ।
ਫੇਰ ਪੈਸਿਆਂ ਪਿੱਛੇ ਕਲੇਸ਼ ਸ਼ੁਰੂ ਹੋ ਗਿਆ ਪਹਿਲਾਂ ਮੇਰੇ ਘਰ ਵਾਲੇ ਨੇ ਮੇਰੇ ਤੇ ਹੱਥ ਚੁੱਕਿਆ ਮਗਰੋਂ ਮੇਰੀ ਸੱਸ ਨਨਾਣਾਂ ਸਭ ਨੇ ਪੈਸਿਆਂ ਲਈ ਮੈਨੂੰ ਮਾਰਨਾ ਸ਼ੁਰੂ ਕਰ ਦਿੱਤਾ। ਮੈਂ ਤਾਂ ਆਪਣੀ ਮਾਂ ਨੂੰ ਵੀ ਨਹੀਂ ਦੱਸ ਸਕਦੀ ਸੀ ਨਾ ਭੂਆ ਨਾਲ ਲੜ ਸਕਦੀ ਸੀ।
ਬਸ ਫੇਰ ਹੰਝੂਆਂ ਨਾਲ ਸਮਝੌਤਾ ਕਰ ਲਿਆ ਤੇ ਖੁਦ ਲਈ ਜਿਊਣਾ ਛੱਡ ਦਿੱਤਾ।ਦੋਵਾਂ ਨਨਾਣਾਂ ਦੇ ਵਿਆਹ ਹੋ ਗਏ ਮੈਂ ਖੁਦ ਨੂੰ ਥੋੜਾ ਸੌਖਾ ਮਹਿਸੂਸ ਕੀਤਾ ਤਾਂ ਘਰ ਵਾਲੇ ਨੇ ਡੋਡੇ, ਕੈਪਸੂਲਾਂ ਦਾ ਖਰਚਾ ਵਧਾ ਲਿਆ।ਸੱਸ ਨੂੰ ਜਦ ਵੀ ਕਦੇ ਓਹਦੇ ਨਸ਼ਿਆਂ ਦੀ ਸ਼ਿਕਾਇਤ ਕਰਨੀ ਤਾਂ ਸੱਸ ਨੇ ਕਹਿਣਾ ਮੈਨੂੰ ਮੇਰਾ ਪੁੱਤ ਬਹੁਤ ਲਾਡਲਾ ਆ ਮੈਂ ਇੱਕ ਵੀ ਗੱਲ ਨਹੀਂ ਸੁਣਨੀ ਸਗੋਂ

ਮੈਨੂੰ ਮੇਹਣੇ ਦੇਣੇ ਕਿ ਤੇਰੇ ਕਿਹੜਾ ਕੋਈ ਭਰਾ ਆ ਤੈਨੂੰ ਕੀ ਪਤਾ ਮਾਂਵਾਂ ਨੂੰ ਪੁੱਤ ਕਿੰਨੇ ਲਾਡਲੇ ਹੁੰਦੇ ਆ।

ਹੌਲ਼ੀ ਹੌਲ਼ੀ ਕਰਕੇ ਮੈਨੂੰ ਔਲਾਦ ਦੇ ਮੇਹਣੇ ਮਿਲਣ ਲੱਗ ਗਏ।ਜਿਸਮ ਮੇਰਾ ਹੱਡੀਆਂ ਦੀ ਮੁੱਠ ਬਣ ਗਿਆ ਸੀ ਤੇ ਮੇਰੇ ਘਰ ਵਾਲੇ ਨੂੰ ਮੇਰੀ ਸਿਹਤ ਨਾਲ ਕੋਈ ਮਤਲਬ ਨਹੀਂ ਸੀ ਓਹਨੂੰ ਬਸ ਹਰ ਰੋਜ਼ ਆਪਣੀ ਅੱਗ ਮਿਟਾਉਣੀ ਹੁੰਦੀ ਸੀ।

ਕਰਦੇ ਕਰਦੇ ਮੇਰੇ ਜਵਾਕ ਹੋ ਗਿਆ ਤੇ ਰੱਬ ਨੇ ਦਿੱਤਾ ਵੀ ਮੁੰਡਾ।ਹੁਣ ਘਰ ਚ ਥੋੜੀ ਜਿਹੀ ਇੱਜਤ ਤਾਂ ਬਣ ਗਈ ਸੀ ਪਰ ਪੈਸਿਆਂ ਵਾਲਾ ਸਿਲਸਿਲਾ ਨਾ ਖ਼ਤਮ ਹੋਇਆ।ਜਵਾਕ ਹੋਣ ਮਗਰੋਂ ਮੇਰਾ ਸਰੀਰ ਪਹਿਲਾਂ ਨਾਲੋਂ ਵੀ ਜਵਾਬ ਦੇ ਗਿਆ ਤਾਂ ਮੇਰੇ ਘਰ ਵਾਲੇ ਨੇ ਮੈਨੂੰ ਦੇਖਣਾ ਵੀ ਬੰਦ ਕਰ ਦਿੱਤਾ ਤੇ ਆਪਣਾ ਨਸ਼ਾ ਵਧਾ ਲਿਆ।

ਹੁਣ ਜ਼ਿੰਦਗੀ ਦੇ ਐਸੇ ਪੜਾਅ ਚ ਪੁੱਜ ਗਈ ਆ ਕਿ ਨਾ ਤਾਂ ਅੱਗੇ ਵਧਣ ਦਾ ਹੌਂਸਲਾ ਆ ਤੇ ਨਾ ਹੀ ਪਿੱਛੇ ਮੁੜਨ ਦੀ ਹਿੰਮਤ ਆ।ਸ਼ਿਕਾਇਤ ਵੀ ਕੀਹਦੇ ਕੋਲ ਕਰਾਂ ਤੇ ਕਿਹੜੀ ਕਿਹੜੀ ਕਰਾਂ।

ਹੁਣ ਬਸ ਪੁੱਤ ਦੀ ਜ਼ਿੰਦਗੀ ਬਣਾਉਣ ਲਈ ਮਸ਼ੀਨ ਤੇ ਲੱਗੀ ਰਹਿੰਦੀ ਹਾਂ ਤੇ ਦਰਦ ਲਿਖ ਲਿਖ ਵਰਕੇ ਕਾਲੇ ਕਰਦੀ ਰਹਿੰਦੀ ਹਾਂ।

ਹਜੇ ਤੱਕ ਪੁੱਤ ਬੜੇ ਕਹਿਣੇ ਚ ਆ,ਮੈਂ ਵੀ ਓਹਦੀ ਤਰਬੀਅਤ ਚ ਕੋਈ ਕਸਰ ਨਹੀਂ ਛੱਡੀ।ਖੁਦ ਤਾਂ ਜ਼ਿੰਦਗੀ ਦਾ ਕੋਈ ਰੰਗ ਨਹੀਂ ਮਾਣ ਸਕੀ।ਪਰ ਪੁੱਤ ਕੋਲੋਂ ਉਮੀਦ ਕਰਦੀ ਹਾਂ ਕਿ ਜਵਾਨ ਹੋ ਕੇ ਮੇਰਾ ਪੁੱਤ ਮੈਨੂੰ ਮੇਰਾ ਸਾਰਾ ਦਰਦ ਭੁਲਾ ਦਵੇਗਾ।

**ਜਸਕਰਨ**

ਬੰਗਾ

ਇੰਸਟਾਗ੍ਰਾਮ : bangajas07

## ਸਕੂਟਰ ਤੋਂ ਸਟੇਜ

ਓਏ ਚੂਚੇ ਓਧਰ ਦੇਖ ਬਿੱਲੂ ਆ ਰਿਹਾ ... ਦੇਖੀਂ ਸਾਲੇ ਨੇ ਆਉਂਦੇ ਹੀ ਲੰਬੀ ਜਿਹੀ ਗੱਪ ਮਾਰਨੀ ਕੋਈ ... ... ਬਿੱਲੂ ਆਉਂਦਾ ਹੀ ਸ਼ੁਰੂ ਹੋ ਗਿਆ। ਗੁਰੂ ਅੱਜ ਕਮਾਲ ਹੋ ਗਈ ਯਾਰ ........ ਮੈ ਅੱਜ ਉੱਡਣ ਵਾਲ਼ਾ ਸੱਪ ਦੇਖਿਆ। ਗੁਰੂ ਨੇ ਵੀ ਜਾਣ ਕੇ ਕਿਹਾ ਅੱਛਾ ਫੇਰ ਕੀ ਹੋਇਆ...... ਫੇਰ ਕੀ ਹੋਣਾ ਸੀ ਸੱਪ ਮੇਰੇ ਪਿੱਛੇ ਪਿੱਛੇ ਤੇ ਮੈ ਅੱਗੇ ਅੱਗੇ...... ਫੇਰ ਸੱਪ ਉੱਡਦਾ ਉੱਡਦਾ ਥੱਕ ਗਿਆ ਤੇ ਇੱਕ ਟਾਹਣੀ ਤੇ ਬੈਠ ਗਿਆ। ਮੈ ਸੱਪ ਨੂੰ ਭੁਲੇਖਾ ਪਾ ਕੇ ਉਹਦੇ ਪਿੱਛੇ ਵੱਲ ਦੀ ਇੱਧਰ ਭੱਜ ਆਇਆ। ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਆਇਆ ਮੈਂ।

ਗੁਰੂ ਨੇ ਕਿਹਾ ਸਾਲਿਆ ਥੋੜੀ ਛੋਟੀ ਗੱਪ ਮਾਰ ਲਿਆ ਕਰ , ਆਪਣੇ ਢਿੱਡ

ਵੱਲ ਦੇਖ , ਤੂੰ ਭੱਜ ਕੇ ਨੀ ਥੱਕਿਆ ਤੇ ਸੱਪ ਉੱਡਦਾ ਉੱਡਦਾ ਥੱਕ ਗਿਆ ਉੱਪਰੋਂ ਤੂੰ ਭੁਲੇਖਾ ਵੀ ਪਾ ਲਿਆ ਸੱਪ ਨੂੰ। ਤੂੰ ਜਦੋਂ ਬੱਸ ਸਟੈਂਡ ਬੱਸ ਤੋਂ ਉੱਤਰਦਾ ਨਾ ਸਾਰਾ ਪਿੰਡ ਇੱਥੇ ਬੈਠਾ ਦੱਸ ਦਿੰਦਾ ਕੀ ਲੱਗਦਾ ਮੋਟਾ ਆ ਰਿਹਾ ਤੇ ਤੂੰ ਸੱਪ ਨੂੰ ਕਿੱਦਾਂ ਨੀ ਦਿਖਿਆ। ਚੱਲ ਹੁਣ ਹੋਰ ਗਾਲਾਂ ਨਾ ਸੁਣਲੀ ਬਹਿ ਜਾ ਟਿਕ ਕੇ।

ਗੁਰੂ , ਚੂਚਾ , ਤੇ ਬਿੱਲੂ ਰੋਜ ਸ਼ਾਮ ਨੂੰ ਖੂਹ ਤੇ ਇਕੱਠੇ ਬੈਠੇ ਕਈ ਕਈ ਘੰਟੇ ਗੱਲਾਂ ਕਰਦੇ ਤੇ ਮਹਿਫ਼ਿਲ ਲਗਾਉਂਦੇ। ਗੁਰੂ ਤੇ ਬਿੱਲੂ ਦੋਨਾਂ ਨੂੰ ਗਾਉਣ ਦਾ ਸ਼ੌਂਕ ਸੀ। ਉਹ ਤਿੰਨ ਸਾਲ ਤੋਂ ਮਿਊਜ਼ਿਕ ਕੰਪਨੀਆਂ ਦੇ ਚੱਕਰ ਲਗਾ ਰਹੇ ਸੀ ਪਰ ਦਾਲ ਨਹੀਂ ਗਲ਼ ਰਹੀ ਸੀ। ਬਿੱਲੂ ਨੇ ਕਿਹਾ ਯਾਰ ਗੁਰੂ ਇੱਕ ਨਵੀਂ ਮਿਊਜ਼ਿਕ ਕੰਪਨੀ ਖੁੱਲੀ ਹੈ ਉਥੇ ਵੀ ਚੱਕਰ ਮਾਰ ਆਈਏ। ਗੁਰੂ ਨੇ ਕਿਹਾ ਚੱਲ ਫੇਰ ਕੱਲ੍ਹ ਸਵੇਰੇ ਹੀ ਚੱਲਦੇ ਹਾਂ।

ਸਵੇਰ ਹੋਈ ਤੇ ਬਿੱਲੂ ਸਕੂਟਰ ਚੁੱਕੀ ਗੁਰੂ ਨੂੰ ਲੈਣ ਆ ਗਿਆ ... ਤੇ ਕਹਿੰਦਾ ਚੱਲ ਬੈਠ ਚਲੀਏ। ਗੁਰੂ ਨੇ ਕਿਹਾ ਥੋੜੀ ਜਿਹੀ ਸ਼ਰਮ ਕਰਲਾ ਕੰਜਰਾ। ਦੋਨੋ ਸੀਟਾਂ ਉੱਪਰ ਤਾਂ ਤੂੰ ਬੈਠਿਆ ਮੈਂ ਕਿੱਥੇ ਬੈਠਾਂ। ਜੇ ਕਹੇਂ ਤਾ ਅੱਗੇ ਖੜ੍ਹਾ ਹੋ ਜਾਵਾਂ। ਬਿੱਲੂ ਨੇ ਥੋੜ੍ਹੀ ਜਿਹੀ ਸੀਟ ਦਿੱਤੀ ਤੇ ਗੁਰੂ ਨੂੰ ਕਹਿੰਦਾ ਹੁਣ ਆਪੇ adjust ਹੋ ਜਾ। ਹਜੇ ਗੁਰੂ ਬੈਠਾ ਹੀ ਸੀ ਕਿ ਚੂਚਾ ਵੀ ਆ ਗਿਆ। ਬਾਈ ਮੈਂ ਵੀ ਨਾਲ ਜਾਣਾ। ਗੁਰੂ ਨੇ ਕਿਹਾ ਤੈਨੂੰ ਹੁਣ ਹੈਂਡਲ ਤੇ ਲਟਕਾ ਲਈਏ। ਸਾਡੇ ਕੋਲ ਤਾ ਅੱਗੇ ਜਗ੍ਹਾ ਨੀ ਹੈ। ਚੂਚਾ ਕਹਿੰਦਾ ਹੈਂਡਲ ਤੇ ਲਟਕਾਉ ਜਾਂ ਸਿਰ ਤੇ ਬਿਠਾਓ ਮੈ ਨਾਲ ਜਾਣਾ ਬੱਸ। ਗੁਰੂ ਨੇ ਕਿਹਾ ਆਜਾ ਤੂੰ ਵੀ ਮਰ ਸਾਡੇ ਨਾਲ । ਤਿੰਨੋ ਔਖੇ ਸੌਖੇ ਬੈਠ ਗਏ ਤੇ ਚੱਲ ਪਏ।

ਮਿਊਜ਼ਿਕ ਕੰਪਨੀ ਵਿੱਚ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਅਸੀਂ song ਦਾ

ਖ਼ਰਚਾ ਚੁੱਕ ਲਵਾਂਗੇ ਪਰ ਵੀਡਿਓ ਤੇ ਪੈਸੇ ਤੁਹਾਨੂੰ ਆਪ ਲਗਾਉਣੇ ਪੈਣਗੇ। ਜੇ ਮਨਜ਼ੂਰ ਹੈ ਤਾਂ ਦੱਸੋ। ਗੁਰੂ ਨੇ ਕਿਹਾ ਜਨਾਬ ਕਿੰਨੇ ਕੁ ਪੈਸੇ ਲੱਗਣਗੇ । ਉਹਨਾਂ ਨੇ ਕਿਹਾ .. ਜਿਆਦਾ ਨਹੀਂ ਇਹੀ ਕੁਝ ਇੱਕ ਲੱਖ ਰੁਪਏ ਮੰਨ ਲਵੋ। ਗੁਰੂ ਨੇ ਕਿਹਾ ਠੀਕ ਹੈ ਜਨਾਬ ਅਸੀਂ ਸੋਚ ਕੇ ਦੱਸਦੇ ਹਾਂ।

ਤਿੰਨੋ ਬਾਹਰ ਆ ਗਏ। ਗੁਰੂ ਨੇ ਕਿਹਾ ਆਪਾਂ ਖ਼ੂਹ ਤੇ ਹੀ ਗਾ ਲਿਆ ਕਰਾਂਗੇ ਸਾਡੇ ਕੋਲ ਇੰਨੇ ਪੈਸੇ ਕਿੱਥੋਂ ਆਉਣੇ। ਇਹ ਕਹਿ ਕੇ ਤਿੰਨੋ ਵਾਪਿਸ ਪਿੰਡ ਵੱਲ ਚੱਲ ਪਏ। ਰਸਤੇ ਵਿੱਚ ਬਿੱਲੂ ਨੇ ਕਿਹਾ ਗੁਰੂ ਮੈਨੂੰ ਪਿਆਸ ਲੱਗੀ ਹੈ ਆਪਾਂ ਜੂਸ ਪੀ ਲਈਏ। ਗੁਰੂ ਨੇ ਕਿਹਾ ਬਿੱਲੂ ਜੇ ਤੇਰੇ ਢਿੱਡ ਤੇ ਇੱਕ ਟੂਟੀ ਲਗਾ ਦਿੱਤੀ ਜਾਵੇ ਤਾਂ ਸਾਰਾ ਪਿੰਡ ਜੂਸ ਪੀ ਲਵੇ। ਸਾਲ਼ਾ ਜੂਸ ਦਾ। ਸਿੱਧੀ ਤਰ੍ਹਾਂ ਰੁਕ ਕੇ ਪਾਣੀ ਪੀ। ਜਦੋਂ ਸਟਾਰ ਬਣਾਂਗੇ ਉਦੋਂ ਸਾਰੇ ਸ਼ੌਂਕ ਪੁਗਾ ਲਵਾਂਗੇ ।

ਅਗਲੇ ਦਿਨ ਬਿੱਲੂ ਤਿੰਨਾਂ ਜਾਣਿਆਂ ਲਈ ਹੱਥਾਂ ਵਿੱਚ ਪਾਉਣ ਵਾਲੇ ਛੱਲੇ ਲੈ ਕੇ ਆ ਗਿਆ। ਗੁਰੂ ਆ ਪਾਓ ਆਪਣੇ ਆਪਣੇ ਹੱਥ ਵਿੱਚ। ਲੱਗਦਾ ਆਪਾਂ ਨੂੰ ਕਿਸੇ ਦੀ ਨਜ਼ਰ ਲੱਗੀ ਹੈ। ਹਜੇ ਗੁਰੂ ਬੋਲਣ ਹੀ ਲੱਗਾ ਸੀ ਕੀ ਚੂਚਾ ਬੋਲ ਪਿਆ। ਓਏ ਬਿੱਲੂ ਆਪਾਂ ਨੂੰ ਤਾਂ ਪਿੰਡ ਦਾ ਕੁੱਤਾ ਨੀ ਜਾਣਦਾ ਆਪਾਂ ਨੂੰ ਨਜ਼ਰ ਸਵਾਹ ਲੱਗਣੀ ਹੈ। ਬਿੱਲੂ ਨੇ ਕਿਹਾ ਤੁਹਾਨੂੰ ਯਾਰੀ ਦਾ ਵਾਸਤਾ ਪਾਓ ਹੱਥ ਵਿੱਚ। ਗੁਰੂ ਨੇ ਚੂਚੇ ਨੂੰ ਕਿਹਾ ਓਏ ਚੂਚੇ ਤੂੰ ਪਾ ਲੈ ਹੱਥ ਵਿੱਚ ਨਹੀਂ ਤਾਂ ਇਹਨੇ ਸਾਲ਼ੇ ਨੇ ਸਾਡੇ ਸੰਘ ਵਿੱਚ ਅੰਗੂਠਾ ਦਈ ਰੱਖਣਾ। ਇਹ ਕਹਿ ਕੇ ਤਿੰਨਾਂ ਜਾਣਿਆਂ ਨੇ ਛੱਲੇ ਹੱਥਾਂ ਵਿੱਚ ਪਾ ਲਏ।

ਵੈਸੇ ਬਿੱਲੂ ਤੂੰ ਇਹ ਲੈ ਕੇ ਕਿਹੜੇ ਬਾਬੇ ਤੋਂ ਆਇਆ। ਹਜੇ ਇੰਨੀ ਗੱਲ ਹੋਈ ਹੀ ਸੀ ਕੀ ਗੁਰੂ ਦੇ ਫੋਨ ਤੇ ਇੱਕ ਫੋਨ ਆ ਗਿਆ। ਗੁਰੂ ਨੇ ਫੋਨ ਸੁਣ ਕੇ ਕੱਟਿਆ ਤੇ ਨੱਚਣ ਲੱਗ ਪਿਆ। ਬਿੱਲੂ ਤੇ ਚੂਚਾ ਬਿਨਾ ਗੱਲ ਪੁੱਛੇ ਹੀ ਨੱਚਣ

ਲੱਗ ਪਏ। ਤਿੰਨੋ ਪਹਿਲਾਂ ਨੱਚਦੇ ਰਹੇ ਫੇਰ ਗੁਰੂ ਨੇ ਕਿਹਾ ਕੰਜਰੋ ਇਹ ਤਾਂ ਪੁੱਛ ਲਵੋ ਆਪਾਂ ਨੱਚ ਕਿਉਂ ਰਹੇ ਹਾਂ। ਬਿੱਲੂ ਤੇ ਚੂਚਾ ਵੀ ਰੁਕ ਗਏ। ਬਿੱਲੂ ਨੇ ਚੂਚੇ ਨੂੰ ਪੁੱਛਿਆ। ਓਏ ਚੂਚੇ ਤੂੰ ਕਿਉਂ ਨੱਚਿਆ.... ਚੂਚੇ ਨੇ ਕਿਹਾ ਕਿਉਂਕਿ ਗੁਰੂ ਨੱਚ ਰਿਹਾ ਸੀ। ਹੁਣ ਤੂੰ ਦੱਸ ਬਿੱਲੂ ਤੂੰ ਕਿਉਂ ਨੱਚਿਆ। ਬਿੱਲੂ ਨੇ ਕਿਹਾ ਕਿਉਂਕਿ ਤੁਸੀ ਦੋਨੋ ਨੱਚ ਰਹੇ ਸੀ। ਗੁਰੂ ਨੇ ਮੱਥੇ ਤੇ ਹੱਥ ਮਾਰਿਆ ਤੇ ਕਹਿੰਦਾ ਤੁਸੀਂ ਦੋਨੋ ਗਧੇ ਹੋ।

ਬਿੱਲੂ ਨੇ ਕਿਹਾ ਬਾਈ ਗੁਰੂ ਹੁਣ ਇਹ ਤਾਂ ਦੱਸ ਹੋਇਆ ਕੀ ਹੈ। ਗੁਰੂ ਨੇ ਕਿਹਾ ਮਿਊਜ਼ਿਕ ਕੰਪਨੀ ਵਾਲੇ ਵੀਡਿਓ ਵੀ ਆਪ ਕਰਨ ਲਈ ਤਿਆਰ ਹੋ ਗਏ ਨੇ। ਹੁਣ ਆਪਣੀ ਵੀ ਕੈਸਟ ਆਊਗੀ। ਕੱਲ੍ਹ ਸਵੇਰੇ ਬੁਲਾਇਆ ਆਪਾਂ ਨੂੰ। ਸਵੇਰ ਹੁੰਦੇ ਹੀ ਤਿੰਨੋ ਸਕੂਟਰ ਤੇ ਬੈਠੇ ਤੇ ਰਿਕਾਰਡਿੰਗ ਲਈ ਚੱਲ ਪਏ। ਕੰਪਨੀ ਵਾਲਿਆਂ ਨੇ ਕਿਹਾ ਆਵਾਜ਼ ਤਾਂ ਤੁਹਾਡੇ ਦੋਨਾਂ ਦੀ ਵਧੀਆ ਹੈ ਪਰ ਮੌਕਾ ਸਿਰਫ਼ ਇੱਕ ਨੂੰ ਹੀ ਮਿਲੇਗਾ। ਬਿੱਲੂ ਨੇ ਕਿਹਾ ਕੋਈ ਗੱਲ ਹੀ ਨਹੀਂ ਹੈ, ਗੁਰੂ ਗਾਏਗਾ। ਗੁਰੂ ਨੇ ਕਿਹਾ ਨਹੀਂ ਬਿੱਲੂ ਗਾਏਗਾ। ਚੂਚਾ ਕਹਿੰਦਾ ਜੇ ਟੈਂਸ਼ਨ ਹੈ ਤਾਂ ਮੈ ਗਾ ਲਵਾ ਫੇਰ। ਆਖ਼ਰੀ ਤੇ ਫੈਸਲਾ ਹੋਇਆ ਕੀ ਗੁਰੂ ਹੀ ਗਾਏਗਾ।

ਕੰਪਨੀ ਵਾਲੇ ਗੁਰੂ ਨੂੰ ਚੰਡੀਗੜ੍ਹ ਲੈ ਗਏ। ਗੁਰੂ ਦੇ ਪਹਿਲੇ ਗਾਣੇ ਨੇ ਹੀ ਧੁੰਮਾਂ ਪਾ ਦਿੱਤੀਆਂ। ਗੁਰੂ ਨੂੰ ਕੰਮ ਤੇ ਕੰਮ ਮਿਲਣ ਲੱਗ ਪਿਆ। ਬਿੱਲੂ ਤੇ ਚੂਚਾ ਗੁਰੂ ਦੇ ਫੋਨ ਦਾ ਰੋਜ ਇੰਤਜ਼ਾਰ ਕਰਦੇ। ਗੁਰੂ ਦਾ ਫੋਨ ਪਹਿਲਾਂ ਪਹਿਲਾਂ ਤਾਂ ਰੋਜ ਆਉਂਦਾ ਪਰ ਹੌਲ਼ੀ ਹੌਲ਼ੀ ਘਟਦਾ ਗਿਆ ਤੇ ਫੇਰ ਬੰਦ ਹੋ ਗਿਆ। ਗੁਰੂ ਦੇ ਸਟੇਜ ਸ਼ੋਅ ਵੀ ਲੱਗਣੇ ਸ਼ੁਰੂ ਹੋ ਗਏ। ਗੁਰੂ ਤਾਂ ਸਟੇਜ ਉੱਤੇ ਗਾ ਰਿਹਾ ਸੀ ਪਰ ਚੁਚਾ ਤੇ ਬਿੱਲੂ ਭੀੜ ਚ ਧੱਕੇ ਖਾਂਦੇ ਹੋਏ ਗੁਰੂ ਨੂੰ ਗਾਉਂਦੇ ਦੇਖਣਾ ਨੀ ਭੁੱਲਦੇ ਸੀ। ਰਾਤ ਨੂੰ ਸ਼ੋਅ ਮੁੱਕਦਾ ਤੇ ਗੁਰੂ ਕਾਰ ਵਿੱਚ ਬੈਠ ਕੇ ਚਲੇ ਜਾਂਦਾ।

ਬਿੱਲੂ ਤੇ ਚੂਚੇ ਨੂੰ ਗੁਰੂ ਤੋਂ ਕੋਈ ਸ਼ਿਕਾਇਤ ਨਹੀਂ ਸੀ।

ਚੂਚੇ ਅੱਜ ਗੁਰੂ ਦਾ ਜਨਮ ਦਿਨ ਹੈ , ਤੂੰ ਇੱਦਾਂ ਕਰ ਆਪਣੇ ਖੂਹ ਵਾਲੀ ਸਾਰੀ ਜਗ੍ਹਾ ਸਜਾ ਦੇ। ਦੇਖੀਂ ਅੱਜ ਗੁਰੂ ਆਊਗਾ। ਚੂਚੇ ਨੇ ਬੜੇ ਚਾਅ ਨਾਲ ਸਾਰਾ ਪਿੰਡ ਹੀ ਸਜਾ ਦਿੱਤਾ। ਜਦੋਂ ਵੀ ਕੋਈ ਪੁੱਛਦਾ ਤਾ ਉਹ ਕਹਿੰਦੇ ਅੱਜ ਗੁਰੂ ਨੇ ਆਉਣਾ। ਸ਼ਾਮ ਹੋ ਗਈ ਤੇ ਹੌਲ਼ੀ ਹੌਲ਼ੀ ਰਾਤ ਵੀ ਹੋ ਗਈ ਪਰ ਗੁਰੂ ਨਹੀਂ ਆਇਆ। ਚੂਚਾ ਤੇ ਬਿੱਲੂ ਬੈਠੇ ਬੈਠੇ ਖੂਹ ਤੇ ਹੀ ਸੋ ਗਏ। ਅਗਲੇ ਦਿਨ ਪਿੰਡ ਦੇ ਲੋਕ ਬਿੱਲੂ ਤੇ ਚੂਚੇ ਦਾ ਮਜਾਕ ਉਡਾਉਂਦੇ ਰਹੇ। ਉਸ ਦਿਨ ਪਹਿਲੀ ਵਾਰ ਦੋਨਾਂ ਦਾ ਗੁਰੂ ਤੋਂ ਦਿਲ ਉੱਠ ਗਿਆ। ਗੁਰੂ ਨੇ ਉਹਨਾਂ ਦਾ ਦਿਲ ਤੋੜ ਦਿੱਤਾ ਸੀ।

ਸਿਆਣੇ ਕਹਿੰਦੇ ਨੇ ਹਰ ਰਾਤ ਤੋਂ ਬਾਅਦ ਇੱਕ ਸਵੇਰ ਹੁੰਦੀ ਹੈ। ਹੁਣ ਬਿੱਲੂ ਨੂੰ ਮਿਊਜ਼ਿਕ ਕੰਪਨੀ ਤੋਂ ਇੱਕ ਕਾਲ ਆਈ , ਉਹਨਾਂ ਨੇ ਪੁੱਛਿਆ ਕੀ ਤੁਸੀਂ ਸਾਡੇ ਲਈ ਗਾਓਗੇ... ਪਰ ਬਿੱਲੂ ਨੇ ਮਨਾ ਕਰ ਦਿੱਤਾ। ਬਿੱਲੂ ਨੇ ਕਿਹਾ ਚੂਚੇ ਅਗਰ ਮਸ਼ਹੂਰ ਹੋ ਕੇ ਬੰਦਾ ਯਾਰਾਂ ਨੂੰ ਭੁੱਲ ਜਾਂਦਾ ਹੈ ਤਾਂ ਮੈਂ ਗਾਉਣਾ ਹੀ ਕਿਉਂ। ਆਪਾਂ ਇਵੇਂ ਹੀ ਠੀਕ ਹਾਂ। ਇਸ ਸ਼ੋਹਰਤ ਨੇ ਸਾਡਾ ਯਾਰ ਖੋਹ ਲਿਆ । ਕੰਪਨੀ ਵਾਲਿਆਂ ਦੇ ਕਈ ਫੋਨ ਆਉਂਦੇ ਰਹੇ ਪਰ ਬਿੱਲੂ ਨਹੀਂ ਮੰਨਿਆ ...ਫੇਰ ਚੂਚੇ ਨੇ ਕਿਹਾ ਬਿੱਲੂ ਇੱਕ ਵਾਰ ਮਿਲ ਲੈਂਦੇ ਹਾਂ। ਕਿਸਮਤ ਬੂਹਾ ਖੜਕਾ ਰਹੀ ਹੈ ਤਾਂ ਬੂਹਾ ਖੋਲ ਦੇ। ਬਿੱਲੂ ਔਖਾ ਸੌਖਾ ਮੰਨ ਹੀ ਗਿਆ । ਕੰਪਨੀ ਵਾਲਿਆਂ ਨੇ ਕਿਹਾ ਤੁਹਾਨੂੰ ਲੈਣ ਅਸੀਂ ਆਪ ਆਵਾਂਗੇ।

ਅਗਲੇ ਦਿਨ ਬਿੱਲੂ ਨੂੰ ਲੈਣ ਲਈ ਪਿੰਡ ਵਿੱਚ 10 ਤੋਂ 12 ਕਾਰਾਂ ਆਉਂਦੀਆਂ ਨੇ । ਬਿੱਲੂ ਕਹਿੰਦਾ ਚੂਚਾ ਵੀ ਮੇਰੇ ਨਾਲ ਜਾਏਗਾ। ਕੰਪਨੀ ਵਾਲੇ ਕਹਿੰਦੇ ਨੇ ਹਾਂਜੀ ਹਾਂਜੀ ਉਹ ਤਾਂ ਨਾਲ ਜਰੂਰੀ ਨੇ। ਸਾਰਾ ਪਿੰਡ ਦੇਖਦਾ ਹੈ ਕਿ

ਇਹਨਾਂ ਦੇ ਦਿਨ ਕਿਵੇਂ ਬਦਲ ਗਏ। ਚੂਚਾ ਤੇ ਬਿੱਲੂ ਮੁੱਛਾਂ ਨੂੰ ਵੱਟ ਦੇ ਕੇ ਕਾਰ ਵਿੱਚ ਬੈਠ ਜਾਂਦੇ ਨੇ। ਕਾਰ ਸਿੱਧਾ ਇੱਕ ਬਹੁਤ ਵੱਡੇ ਗਰਾਊਂਡ ਵਿੱਚ ਰੁਕਦੀ ਹੈ ਜਿੱਥੇ ਲੱਖਾਂ ਵਿੱਚ ਲੋਕ ਬੈਠੇ ਹੁੰਦੇ ਨੇ। ਬਿੱਲੂ ਤੇ ਚੂਚੇ ਨੂੰ ਸਟੇਜ ਤੇ ਲਿਆਇਆ ਜਾਂਦਾ ਹੈ। ਫਿਰ ਇੱਕ ਅਵਾਜ ਆਉਂਦੀ ਹੈ ਜਿਸਦਾ ਪਹਿਲਾ ਲਫ਼ਜ਼ ਕੁਝ ਇਸ ਤਰ੍ਹਾਂ ਹੁੰਦਾ ਹੈ।

ਮੈ ਸਕੂਟਰਾਂ ਤੋਂ ਗੱਡੀਆਂ ਤੇ ਆ ਗਿਆ
ਤੁਹਾਨੂੰ ਕਿਵੇਂ ਇਕੱਲੇ ਛੱਡ ਦਾ
ਅੱਗ ਲੱਗੇ ਹੀਰੇ ਦੀਆਂ ਮੁੰਦੀਆਂ ਨੂੰ
ਕਿਵੇਂ ਤੁਹਾਡਾ ਛੱਲਾ ਛੱਡ ਦਾ
ਮੈ ਸਕੂਟਰਾਂ ਤੋਂ ਗੱਡੀਆਂ ਤੇ ਆ ਗਿਆ
ਤੁਹਾਨੂੰ ਕਿਵੇਂ ਇਕੱਲੇ ਛੱਡ ਦਾ.....

ਬਿੱਲੂ ਮਾਰਦਾ ਸੀ ਗੱਪਾਂ ਮੈਂ ਜਾਣਦਾਂ
ਪਰ ਮੈਨੂੰ ਸੀ ਸਕੂਨ ਦਿੰਦੀਆਂ
ਚੂਚੇ ਦੀਆਂ ਵਿਕ ਗਈਆਂ ਫ਼ਸਲਾਂ
ਮੈਨੂੰ ਸੀ ਜਨੂੰਨ ਦਿੰਦੀਆਂ
ਮਿਹਣੇ ਮਾਰਦੇ ਨੇ ਪਿੰਡ ਵਾਲੇ ਸੋਹਣਿਆ
ਕਿਵੇਂ ਇਹ ਗੱਲਾਂ ਛੱਡ ਦਾ
ਮੈ ਸਕੂਟਰਾਂ ਤੋਂ ਗੱਡੀਆਂ ਤੇ ਆ ਗਿਆ
ਤੁਹਾਨੂੰ ਕਿਵੇਂ ਇਕੱਲੇ ਛੱਡ ਦਾ

ਸਲਾਹਾਂ ਖੂਹ ਉੱਤੇ ਬੈਠ ਕੇ ਸੀ ਕੀਤੀਆਂ

ਇੱਕ ਦਿਨ ਸਟਾਰ ਬਣਨਾ

ਸ਼ੋਂਕ ਸਾਰੇ ਹੀ ਆਪਾਂ ਪੂਰੇ ਕਰਨੇ

ਜਿਸ ਦਿਨ ਕਲਾਕਾਰ ਬਣਨਾ

ਤੁਸੀ ਲੱਭ ਲੱਭ ਦਿੱਤੀਆਂ ਨੇ ਖੁਸ਼ੀਆਂ

ਗਮ ਕਿਵੇਂ ਤੁਹਾਡੇ ਪੱਲੇ ਛੱਡ ਦਾ

ਮੈ ਸਕੂਟਰਾਂ ਤੋਂ ਗੱਡੀਆਂ ਤੇ ਆ ਗਿਆ

ਤੁਹਾਨੂੰ ਕਿਵੇਂ ਇਕੱਲੇ ਛੱਡ ਦਾ ......

ਗੁਰੂ ਇਹ ਲਾਈਨਾਂ ਨੂੰ ਗਾਉਂਦਾ ਤੇ ਰੋਂਦਾ ਹੋਇਆ ਸਾਹਮਣੇ ਆਉਂਦਾ ਹੈ। ਬਿੱਲੂ ਤੇ ਚੂਚਾ ਆਪਣੀ ਸੀਟ ਤੋਂ ਖੜੇ ਹੋ ਜਾਂਦੇ ਨੇ ਪਰ ਗੁਰੂ ਗੋਡਿਆਂ ਦੇ ਭਾਰ ਤੇ ਉਹਨਾਂ ਦੇ ਪੈਰਾਂ ਵਿੱਚ ਬੈਠਾ ਆਪਣਾ ਗੀਤ ਪੂਰਾ ਕਰਦਾ ਹੈ। ਫੇਰ ਗੁਰੂ ਉਹਨਾਂ ਨੂੰ ਗਲੇ ਲਗਾਉਂਦਾ ਹੋਇਆ ਕਹਿੰਦਾ ਹੈ। ਹਰ ਇਨਸਾਨ ਦੀ ਕਾਮਯਾਬੀ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ ਤੇ ਮੈਂ ਕਹਿੰਦਾ ਹਾਂ ਕਿ ਮੇਰੀ ਮਾਂ ਤੋਂ ਬਾਅਦ ਅਗਰ ਮੇਰੀ ਜ਼ਿੰਦਗੀ ਵਿੱਚ ਮੇਰੇ ਲਈ ਕੁਝ ਹੈ ਤਾਂ ਮੇਰੇ ਇਹ ਦੋਨੋ ਯਾਰ ਨੇ ਮੇਰੀ ਕਾਮਯਾਬੀ ਦੇ ਅਸਲੀ ਹੀਰੋ। ਮਾਂ ਨੇ ਜਨਮ ਦਿੱਤਾ ਸੀ ਪਰ ਕਾਮਯਾਬੀ ਸਿਰਫ਼ ਤੇ ਸਿਰਫ਼ ਇਹਨਾਂ ਨੇ ਦਿੱਤੀ ਹੈ। ਸਲਾਮ ਹੈ ਮੇਰੇ ਯਾਰਾਂ ਨੂੰ। ਸਾਰਾ ਗਰਾਊਂਡ ਤਾੜੀਆਂ ਨਾਲ ਗੂੰਜ ਉੱਠਦਾ ਹੈ ਤੇ ਬਿੱਲੂ ਤੇ ਚੂਚਾ ਰੋਂ ਪੈਂਦੇ ਨੇ। ਇਹ ਇੱਜ਼ਤ ਤਾਂ ਕਦੇ ਸੋਚੀ ਨਹੀਂ ਸੀ ਗੁਰੂ।

ਗੁਰੂ ਨੇ ਚੂਚੇ ਤੇ ਬਿੱਲੂ ਦੀ ਗਹਿਣੇ ਰੱਖੀ ਜ਼ਮੀਨ ਦੇ ਕਾਗ਼ਜ਼ ਉਹਨਾਂ ਨੂੰ ਦਿੰਦੇ ਹੋਏ ਕਿਹਾ ਸਾਲਿਓ ਇੰਨਾ ਭਰੋਸਾ ਤਾਂ ਮੇਰੇ ਪਿਉ ਨੂੰ ਵੀ ਸ਼ਾਇਦ ਮੇਰੇ ਤੇ ਨਾ

ਹੁੰਦਾ ਜਿੰਨਾ ਤੁਸੀਂ ਕਰੀ ਬੈਠੇ ਸੀ। ਤੁਸੀਂ ਜ਼ਮੀਨ ਗਹਿਣੇ ਰੱਖ ਕੇ ਮੇਰਾ ਗਾਣਾ ਕਰਵਾਇਆ ਨਾ। ਤੁਹਾਨੂੰ ਲੱਗਾ ਤੁਸੀਂ ਇਹ ਗੱਲ ਮੇਰੇ ਤੋਂ ਲੁਕਾ ਲਈ ਪਰ ਮੈਨੂੰ ਇਹ ਪਤਾ ਲੱਗ ਗਿਆ ਸੀ। ਇਸ ਲਈ ਮਿਹਨਤ ਕੀਤੀ ਤੇ ਪੈਸਾ ਕਮਾ ਕੇ ਜ਼ਮੀਨ ਛੁਡਾ ਲਈ। ਇੰਨੀ ਦੇਰ ਤੁਹਾਨੂੰ ਮਿਲਿਆ ਨਹੀਂ ਮਾਫ਼ ਕਰ ਦਿਓ ਯਾਰ। ਚੱਲੋ ਪਿੰਡ ਚੱਲੀਏ। ਖੂਹ ਤੇ ਬੈਠਦੇ ਹਾਂ। ਬਹੁਤ ਟਾਈਮ ਹੋ ਗਿਆ। ਬਿੱਲੂ ਤੇ ਚੂਚਾ ਕਾਰ ਵੱਲ ਚੱਲ ਪਏ ਤਾਂ ਗੁਰੂ ਨੇ ਕਿਹਾ ਓਏ ਉੱਧਰ ਕਿੱਧਰ। ਬਿੱਲੂ ਤੇ ਚੂਚੇ ਨੇ ਦੇਖਿਆ ਗੁਰੂ ਸਕੂਟਰ ਤੇ ਬੈਠਾ ਸੀ।

**ਅਗਰ ਕੋਈ ਦਿਲੋਂ ਕੀਤੀ ਗਈ ਕੋਸ਼ਿਸ਼ ਦਾ ਫ਼ਲ ਦੁੱਗਣਾ ਕਰਕੇ ਮੋੜ ਦਵੇ ਤਾਂ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਇਹ ਗੱਲ ਅਲੱਗ ਹੈ ਕਿ ਅੱਜ ਦੇ ਦੌਰ ਵਿੱਚ ਅਜਿਹਾ ਨਹੀਂ ਹੁੰਦਾ। ਇਸ ਕਹਾਣੀ ਨੂੰ ਲਿਖਣ ਦਾ ਮਕਸਦ ਸਿਰਫ਼ ਇੰਨਾ ਹੈ ਕਿ ਜ਼ਿੰਦਗੀ ਵਿੱਚ ਕਿਸੇ ਦੇ ਕੀਤੇ ਅਹਿਸਾਨ ਨੂੰ ਭੁਲਾਓ ਨਾ ਤੇ ਉਸਨੂੰ ਇਹ ਅਹਿਸਾਸ ਜ਼ਰੂਰ ਕਰਵਾਓ ਕਿ ਉਸਨੇ ਕੋਈ ਗਲਤੀ ਨਹੀਂ ਕੀਤੀ।**

**ਗੁਰਦੀਪ ਸੈਣੀ**

**ਈਮੇਲ: gurdeep.saini1988@gmail.com**

## ਬੱਬਰੋ

ਲਗਭਗ ਸੱਤ - ਅੱਠ ਕੁ ਸਾਲ ਪਹਿਲਾਂ ਦੀ ਗੱਲ ਹੈ।

ਗਰਮੀਆਂ ਦੇ ਦਿਨ ਸਨ। ਸਾਡੇ ਘਰ ਤੋਂ ਥੋੜ੍ਹੀ ਦੂਰ ਇੱਕ ਕੁੱਤੀ ਸੂਈ ਸੀ।ਉਸਨੇ ਛੇ ਕਤੂਰੇ ਦਿੱਤੇ ...ਬਹੁਤ ਪਿਆਰੇ...ਸਿਲਕੀ ਜਿਹੇ ਵਾਲ ..ਚੂੰ ..ਚੂੰ ਕਰਦੇ !ਅਸੀਂ ,ਮੈਂ ਤੇ ਮੇਰੀ ਭੈਣ ਰੋਜ ਵੇਖਣ ਜਾਂਦੇ।ਉਨ੍ਹਾਂ 'ਚੋਂ ਇੱਕ ਕਤੂਰੀ ਥੋੜ੍ਹੀ ਮੋਟੀ ਤੇ ਜੱਤਲੀ ਸੀ ਬਾਕੀਆਂ ਕਤੂਰਿਆਂ ਨਾਲੋਂ ਅਲੱਗ ਜਿਹੀ।ਜਦੋਂ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਤੇ ਉਹ ਮਿੱਟੀ ਦੇ ਕੱਚੇ ਘੁਰਨੇ ਚੋਂ ਬਾਹਰ ਆਉਣ ਲੱਗ ਪਏ। ਜਦੋਂ ਵੀ ਕੋਈ ਓਧਰ ਦੀ ਲੰਘਦਾ ਤਾਂ ਉਹ ਸਾਰੇ ਉਹਦੇ ਮਗਰ ਭੱਜਦੇ,ਉਹਨੂੰ ਭੌਂਕਦੇ ਤੇ ਉਹ ਮੋਟੀ ਜਿਹੀ ਕਤੂਰੀ ਸਭ ਤੋਂ ਮੂਹਰੇ ਲੱਗ ਭੌਂਕਦੀ। ਨਿੱਕੀ ਪਤਲੀ ਜਿਹੀ ਅਵਾਜ਼ 'ਚ... ਕਈ ਵਾਰੀ ਅਸੀਂ ਡਰ ਵੀ ਜਾਣਾ ਪਰ ਉਸਦੀ ਏਸ ਹਰਕਤ ਤੇ ਹਾਸਾ ਵੀ ਬਹੁਤ ਆਉਂਦਾ ਸੀ ਬਈ ਅਜੇ ਨਿੱਕੀ ਜਿਹੀ ਤਾਂ ਹੈ ਇਹਨੂੰ ਕੀ ਪਤਾ ਕਿ ਕੌਣ ਇਹਨੂੰ ਨੁਕਸਾਨ ਪਹੁੰਚਾਉਣ ਆ ਰਿਹਾ ਜਾਂ ਕੌਣ ਨਹੀਂ ?

ਖ਼ੈਰ ! ਇਹ ਸੁਭਾਵਿਕ ਸੀ ਜਾਂ ਓਹਦੀ ਮਾਂ ਨੇ ਸਿਖਾਇਆ ਹੋਣਾ ਜਿਸਨੂੰ ਸਾਰੇ ਮੁਹੱਲੇ ਵਾਲੇ ਕਾਲੋ ਕਹਿੰਦੇ ਸੀ। ਕਾਲੋ ਆਪ ਵੀ ਬਹੁਤ ਸਿਆਣੀ ਸੀ। ਮੋਟੀ ਤੇ ਜੱਤਲੀ ਹੋਣ ਕਰਕੇ ਮੈਂ ਉਹਦਾ ਨਾਂ ਬੱਬਰੋ ਰੱਖ ਦਿੱਤਾ। ਮੈਨੂੰ ਉਹ ਚਿਹਰੇ ਤੋਂ ਹਰ ਵੇਲੇ ਹੱਸਦੀ ਲੱਗਦੀ ਰਹਿੰਦੀ ਸੀ।

ਇੱਕ ਰਾਤ ਜਦੋਂ ਅਸੀਂ ਖਾਣਾ ਖਾਣ ਤੋਂ ਬਾਅਦ ਘੁੰਮਣ ਗਏ ਤਾਂ ਸਾਰੇ ਕਤੂਰੇ ਕੋਈ ਕਿਤੇ ਕੋਈ ਕਿਤੇ ਥੋੜ੍ਹੀ ਬਹੁਤੀ ਵਿੱਥ 'ਤੇ ਪਏ ਸਨ ਜਾਂ ਸੁੱਤੇ ਸਨ। ਪਰ ਬੱਬਰੋ ਰਾਹ ਦੇ ਬਿਲਕੁਲ ਵਿਚਕਾਰ ਪਈ ਸੀ ਜਿਵੇਂ ਆਪਣੇ ਭੈਣ ਭਰਾਵਾਂ ਦੀ ਰੱਖਿਆ ਲਈ ਨਾਕਾ ਬੰਦੀ ਕੀਤੀ ਹੋਵੇ ! ਕੱਚਾ ਰਸਤਾ ਤੇ ਹਨੇਰਾ ਹੋਣ ਕਰਕੇ ਅਸੀਂ ਘਰੋਂ ਰੋਸ਼ਨੀ ਲਈ ਟੌਰਚ ਲੈ ਕੇ ਜਾਂਦੇ ਸੀ। ਜਦੋਂ ਰੌਸ਼ਨੀ ਉਨ੍ਹਾਂ ਦੇ ਮੂੰਹ 'ਤੇ ਪਈ ਤਾਂ ਵੇਖਿਆ ਕਿ ਸਭ ਨਿਸ਼ਚਿੰਤ ਹੋ ਕੇ ਘੂਕ ਸੁੱਤੇ ਪਏ ਸਨ।ਉਹਨਾਂ ਨੂੰ ਕੋਈ ਖ਼ਬਰ ਨਹੀਂ ਸੀ ਕਿ ਉਨ੍ਹਾਂ ਕੋਲੋਂ ਕੋਈ ਲੰਘ ਰਿਹਾ ਹੈ।

ਮੇਰੇ ਮਨ 'ਚ ਆਇਆ ਕਿ ਕਿਸੇ ਦੀ ਬੇਧਿਆਨੀ ਕਾਰਨ ਕੋਈ ਕਾਰ ਟਰੱਕ ਇਹਨਾਂ ਦੇ ਉੱਪਰ ਦੀ ਲੰਘ ਗਿਆ ਤਾਂ ਇਹਨਾਂ ਦੀ ਜਾਨ ਜਾ ਸਕਦੀ ਹੈ ਸੋ ਮੈਂ ਅਤੇ ਮੇਰੀ ਭੈਣ ਨੇ ਕਤੂਰਿਆਂ ਨੂੰ ਚੁੱਕ ਕੇ ਸੁਰੱਖਿਅਤ ਥਾਂ ਤੇ ਪਾ ਦਿੱਤਾ। ਜਦੋਂ ਮੈਂ ਬੱਬਰੋ ਨੂੰ ਚੁੱਕਿਆ ਤਾਂ ਉਹ ਮੈਨੂੰ ਬਹੁਤ ਕੂਲੀ ਨਰਮ ਜਿਹੀ ਰੂੰ ਵਾਂਗ ਲੱਗੀ ਜਿਵੇਂ ਕੋਈ ਇਨਸਾਨੀ ਛੋਟਾ ਜਿਹਾ ਬੱਚਾ ਹੋਵੇ।

ਉਹ ਮੇਰੇ ਹੱਥਾਂ ਵਿੱਚ ਵੀ ਬੇਖ਼ਬਰ ਪਈ ਰਹੀ,ਅੱਧ ਮੀਟੀਆਂ ਅੱਖਾਂ ਖੋਲ੍ਹੀਆਂ ਤੇ ਫਿਰ ਬੰਦ ਕਰ ਲਈਆਂ ਜਿਵੇਂ ਉਸਨੂੰ ਮੇਰੇ ਤੇ ਬਹੁਤ ਭਰੋਸਾ ਹੋਵੇ। ਮੈਨੂੰ ਉਸ ਨਾਲ ਅਜੀਬ ਜਿਹਾ ਲਗਾਵ ਮਹਿਸੂਸ ਹੋਇਆ। ਉਦੋਂ ਮੇਰੀਆਂ ਅੱਖਾਂ ਚ ਪਾਣੀ ਵੀ ਆ ਗਿਆ ਸੀ ਪਤਾ ਨੀ ਕਿਉਂ !

ਬਾਅਦ ਵਿੱਚ ਅਸੀਂ ਮੰਮੀ ਨੂੰ ਬਹੁਤ ਮਨਾਇਆ ਕਿ ਅਸੀਂ ਬੱਬਰੋ ਨੂੰ ਆਪਣੇ ਘਰ ਰੱਖਣ ਲਈ ਲੈ ਆਈਏ ਪਰ ਮੰਮੀ ਨੇ ਨਾਂਹ ਕਰ ਦਿੱਤੀ,ਕਹਿੰਦੇ ਗਲ਼ੀ 'ਚ ਜਿਨ੍ਹਾਂ ਵੀ ਕੁੱਤੇ ਕੁੱਤੀਆਂ ਦਾ ਨਾਂ ਤੁਸੀਂ ਰੱਖਿਆ ਏ ,ਲੋਕ ਉਨ੍ਹਾਂ ਦੇ ਕਤੂਰੇ ਵੀ ਆਪਣੇ ਘਰ ਛੱਡ ਜਾਂਦੇ ਆ। ਮੰਮੀ ਵੀ ਸੱਚ ਹੀ ਕਹਿੰਦੇ ਸੀ। ਇੱਕ ਦੋ ਵਾਰੀ ਇੱਦਾਂ ਹੋਇਆ ਵੀ ਸੀ। ਲੋਕ ਰਾਤ ਦੇ ਸਮੇਂ ਕਤੂਰੇ ਬੋਰੇ 'ਚ ਪਾ ਕੇ ਸਾਡੇ ਘਰ ਸੁੱਟ ਗਏ ਸੀ। ਉਦੋਂ ਸਾਡੇ ਘਰ ਦੀ ਚਾਰਦੀਵਾਰੀ ਨਹੀਂ ਸੀ ਹੁੰਦੀ ਬਲਕਿ ਸਾਰਾ ਹੀ ਖੁੱਲ੍ਹਾ ਵੇਹੜਾ ਹੁੰਦਾ ਸੀ।

ਸਾਡੇ ਕੋਲੋਂ ਰਿਹਾ ਨਾ ਗਿਆ ਤੇ ਇੱਕ ਦਿਨ ਅਸੀਂ ਬਿਨਾਂ ਦੱਸਿਆ ਬੱਬਰੋ ਨੂੰ ਘਰ ਲੈ ਆਂਦਾ।ਮੰਮੀ ਨੇ ਵੀ ਕੁਝ ਨਾ ਕਿਹਾ ਸਗੋਂ ਮੈਂ ਤੇ ਮੰਮੀ ਨੇ ਬੱਬਰੋ ਨੂੰ ਨੁਹਾਇਆ।ਉਹ ਬੜੀ ਪਿਆਰੀ ਲੱਗ ਰਹੀ ਸੀ। ਓਹਦੀਆਂ ਅੱਖਾਂ ਚ ਬਹੁਤ ਚਮਕ ਸੀ। ਅਸੀਂ ਉਸਦੇ ਗਲੇ ਲਈ ਵਿਸ਼ੇਸ਼ ਘੁੰਗਰੂਆਂ ਵਾਲਾ ਪਟਾ ਤੇ ਲੰਬੀ ਰੱਸੀ ਮੰਗਵਾਈ।ਅਸੀਂ ਬੱਬਰੋ ਨੂੰ ਅਕਸਰ ਵੇਹੜੇ ਵਿੱਚ ਲੱਗੀ ਡੇਕ ਨਾਲ ਬੰਨ੍ਹ ਦੇਂਦੇ।

ਉਸਦੇ ਕਤੂਰੇ ਜਦੋਂ ਗਲੀ ਚੋਂ ਲੰਘਦੇ ਤਾਂ ਉਹ ਭੌਂਕਦੀ ਅਤੇ ਰੱਸੀ ਨੂੰ ਖਿੱਚ ਬਾਹਰ ਜਾਣਾ ਚਾਹੁੰਦੀ।ਫਿਰ ਕਿੰਨਾ ਚਿਰ ਚੂੰ ਚੂੰ ਕਰਦੀ ਰਹਿੰਦੀ। ਅਸੀਂ ਦੁੱਧ ਵੀ ਪਾਇਆ ਉਸਨੇ ਨਾ ਪੀਤਾ ਫੇਰ ਦੁੱਧ ਵਿੱਚ ਰੋਟੀ ਵੀ ਪਾਈ ਪਰ ਉਸਨੇ ਨਾ ਖਾਧੀ। ਸਵੇਰ ਤੋਂ ਸ਼ਾਮ ਹੋ ਗਈ ਪਰ ਉਸਨੇ ਕੁਝ ਵੀ ਨਾ ਖਾਧਾ ਬਸ ! ਉਹ ਰੌਲ਼ਾ ਪਾਉਂਦੀ ਰਹੀ ਤੇ ਰੱਸੀ ਨੂੰ ਖਿੱਚਦੀ ਰਹੀ। ਅੰਤ ਅਸੀਂ ਉਸਨੂੰ ਛੱਡ ਦਿੱਤਾ।

ਪਰ ਅਸੀਂ ਜਦੋਂ ਵੀ ਗਲੀ ਚੋਂ ਉਸਨੂੰ ਬੱਬਰੋ ਕਹਿ ਕੇ ਅਵਾਜ਼ ਲਗਾਉਣੀ ਤਾਂ ਉਸਨੇ ਝੱਟ ਹੀ ਸਾਡੇ ਕੋਲ ਆ ਜਾਣਾ ਚਾਹੇ ਕਿਤੇ ਵੀ ਤੁਰਦੀ ਫ਼ਿਰਦੀ ਜਾਂ ਬੈਠੀ ਹੋਵੇ। ਓਹਦੀ ਮਾਂ ਨੂੰ ਵੀ ਪਤਾ ਸੀ ਕੇ ਅਸੀਂ ਓਹਦਾ ਬਹੁਤ ਖਿਆਲ ਰੱਖਦੇ ਹਾਂ। ਕਈ ਵਾਰ ਅਸੀਂ ਦੇਖਿਆ ਕਿ ਕਾਲੋ , ਬੱਬਰੋ ਨੂੰ ਆਪਣੇ ਮੂੰਹ ਨਾਲ ਸਾਡੇ ਘਰ ਵੱਲ ਨੂੰ ਧੱਕਦੀ ਰਹਿੰਦੀ ਸੀ। ਕਾਲੋ ਦੇ ਹਣ ਤੱਕ ਸਿਰਫ਼ ਤਿੰਨ ਕਤੂਰੇ ਹੀ ਬਚੇ ਸਨ।

ਸਾਡੇ ਘਰ ਦੇ ਲਾਗੇ ਖੇਤ ਸੀ ਤੇ ਖੂਹ ਵੀ ਸੀ ਜਿੱਥੇ ਅੰਬ ਦਾ ਵੱਡਾ ਸਾਰਾ ਦਰੱਖ਼ਤ ਵੀ ਸੀ। ਗਰਮੀਆਂ ਦੇ ਦਿਨ ਹੋਣ ਕਰਕੇ ਕਾਲੋ ਕਤੂਰਿਆਂ ਨੂੰ ਨਾਲ ਲੈ ਕੇ ਜਿਆਦਾਤਰ ਖੂਹ ਤੇ ਹੀ ਰਹਿੰਦੀ। ਬੱਬਰੋ ਵੱਲੋਂ ਹੁਣ ਉਹ ਚਿੰਤਾਮੁਕਤ ਸੀ ਤੇ ਕਮਜੋਰ ਬੱਚਿਆਂ ਨੂੰ ਉਹ ਆਪਣੇ ਨਾਲ ਰੱਖਦੀ ਸੀ।

ਇੱਕ ਦਿਨ ਮੈਂ ਤੇ ਮੰਮੀ ਖੂਹ ਵੱਲ ਨੂੰ ਜਾ ਰਹੀਆਂ ਸੀ ਤੇ ਬੱਬਰੋ ਵੀ ਸਾਡੇ ਨਾਲ ਨਾਲ ਮੂਹਰੇ ਮੂਹਰੇ ਮਟਕਦੀ ਹੋਈ ,ਪਾਣੀ ਵਾਲੀ ਆੜ ਦੇ ਬੰਨੇ 'ਤੇ ਤੁਰ ਰਹੀ ਸੀ।ਬੱਬਰੋ ਦੀ ਮਾਂ ਦੋਨੋਂ ਕਤੂਰੇ ਲੈ ਕੇ ਖੂਹ ਤੇ ਬੈਠੀ ਸੀ। ਉਸਨੇ ਦੂਰੋਂ ਹੀ ਬੱਬਰੋ ਨੂੰ ਦੇਖ ਲਿਆ ਤੇ ਉੱਚੀ ਅਵਾਜ਼ 'ਚ ਕੁਝ ਅਜੀਬ ਜਿਹੀ ਭੌਂਕੀ ਕਿ ਬੱਬਰੋ ਦੀਆਂ ਬਾਜੀਆਂ ਪੈ ਗਈਆਂ ਤੇ ਉਹ ਖਾਲ ਵਿੱਚ ਜਾ ਡਿੱਗੀ।

ਅਸੀਂ ਓਹਨੂੰ ਆੜ ਵਿੱਚੋਂ ਤਾਂ ਕੱਢ ਦਿੱਤਾ।
ਪਰ ਉਹ ਫੇਰ ਮਾਂ ਵੱਲ ਨੂੰ ਭੱਜੀ ਉਹਦੀ ਮਾਂ ਨੇ ਫਿਰ ਓਦਾਂ ਹੀ ਕੀਤੀ ਤੇ ਬੱਬਰੋ ਦੋਬਾਰਾ ਬੰਨੇ ਤੇ ਆ ਕੇ ਮਾਯੂਸ ਜਿਹੀ ਹੋ ਕੇ ਖੜ ਗਈ।ਬੱਬਰੋ ਫੇਰ ਕਮਾਦ ਦੇ ਨਾਲ ਵਾਲੇ ਬੰਨੇ ਤੇ ਚੋਰੀ ਚੋਰੀ ਆਪਣੀ ਮਾਂ ਤੱਕ ਪਹੁੰਚ ਗਈ। ਉਹਦੀ ਮਾਂ ਨੂੰ ਵੀ ਉਦੋਂ ਹੀ ਪਤਾ ਲੱਗਾ ਜਦੋਂ ਉਹ ਉਸਦੇ ਕੋਲ ਪਹੁੰਚ ਗਈ। ਪਰ ਜਿਵੇਂ ਹੀ ਉਸਦੀ ਮਾਂ ਨੇ ਉਸਨੂੰ ਦੇਖਿਆ ਤਾਂ ਉਹ ਪਹਿਲਾਂ ਨਾਲੋਂ ਵੀ ਉੱਚੀ ਅਵਾਜ਼ ਵਿੱਚ ਭੌਂਕੀ। ਬੱਬਰੋ ਉੱਥੋਂ ਇੰਨੀ ਤੇਜ਼ ਦੌੜੀ ਕਿ ਫੇਰ ਉਸਨੇ ਮੁਹੱਲੇ ਵਿੱਚ ਜਾ ਕੇ ਹੀ ਸਾਹ ਲਿਆ। ਇਹ ਦੇਖ ਕੇ ਸਾਨੂੰ ਬਹੁਤ ਹਾਸਾ ਅਇਆ ਤੇ ਦੋਨਾਂ ਮਾਂਵਾਂ ਧੀਆਂ ਦੀ ਸਮਝਦਾਰੀ 'ਤੇ ਹੈਰਾਨੀ ਵੀ ਹੋਈ !

ਅਸਲ ਵਿੱਚ ਬੱਬਰੋ ਦੀ ਮਾਂ ਚਾਹੁੰਦੀ ਸੀ ਕੇ ਬੱਬਰੋ ਸਾਡੇ ਨਾਲ ਰਹੇ। ਸ਼ਾਇਦ ਹੁਣ ਉਸਨੂੰ ਸਾਡੇ 'ਤੇ ਬਹੁਤ ਭਰੋਸਾ ਸੀ ਕਿ ਅਸੀਂ ਉਸਦੀ ਧੀ ਦਾ ਉਸਤੋਂ ਵੀ ਚੰਗੀ ਤਰ੍ਹਾਂ ਖਿਆਲ ਰੱਖ ਸਕਦੇ ਹਾਂ। ਹੁਣ ਬੱਬਰੋ ਸਾਡੇ ਘਰ ਦੇ ਆਸ ਪਾਸ ਹੀ ਖੇਡਦੀ ਰਹਿੰਦੀ ਸੀ। ਗਲੀ ਵਿੱਚ ਬੱਬਰੋ ਕਹਿ ਕੇ ਆਵਾਜ਼ ਮਾਰੀਏ ਤਾਂ ਉਹ ਝੱਟ ਸਾਡੇ ਕੋਲ ਆ ਜਾਂਦੀ। ਮੈਨੂੰ ਤਾਂ ਉਸਦਾ ਮੂੰਹ ਹਰ ਵੇਲੇ ਹੱਸਦਾ ਲੱਗਦਾ ਰਹਿੰਦਾ ਸੀ। ਅੱਖਾਂ ਚ ਚਮਕ ਜਿਹੀ ਲੱਗਦੀ ਰਹਿੰਦੀ ਸੀ ਤੇ ਉਸਦੀ ਨਿੱਕੀ ਜਿਹੀ ਪੂਛ ਹਰ ਵੇਲੇ ਉੱਪਰ ਵੱਲ ਨੂੰ ਖੜੀ ਹਿੱਲਦੀ ਰਹਿੰਦੀ।

ਜਦੋਂ ਅਸੀਂ ਕੱਚਾ ਵੇਹੜਾ ਲਿੱਪਣ ਵਾਸਤੇ ਖੇਤ ਵਿੱਚੋਂ ਮਿੱਟੀ ਲਿਆਉਣੀ ਤੇ ਮੰਮੀ ਨੇ ਮਿੱਟੀ ਵਿੱਚ ਪਾਣੀ ਪਾ ਕੇ ਰੱਖ ਦੇਣਾ ਤਾਂ ਜੋ ਸਵੇਰ ਤੱਕ ਮਿੱਟੀ ਦੇ ਵੱਡੇ ਡਲੇ ਖੁਰ ਜਾਣ। ਇੱਕ ਰਾਤ ਜਦੋਂ ਮੰਮੀ ਨੇ ਮਿੱਟੀ ਵਾਲਾ ਕੜਾਈਆ ਲਿਆ ਕੇ ਮਿੱਟੀ ਬੱਠਲ ਸਮੇਤ ਸੁੱਟੀ ਤਾਂ ਬੱਬਰੋ ਉਥੋਂ ਚੂੰ ਚੂੰ ਕਰਦੀ ਭੱਜੀ। ਇੱਕ ਤਾਂ ਰਾਤ ਦਾ ਵੇਲਾ ਸੀ ਤੇ ਦੂਜਾ ਬੱਬਰੋ ਦਾ ਰੰਗ ਵੀ

ਕਾਲਾ ਜਿਸ ਕਰਕੇ ਮੰਮੀ ਨੂੰ ਪਤਾ ਹੀ ਨਾ ਲੱਗਾ ਕਿ ਬੱਬਰੋ ਮਿੱਟੀ 'ਤੇ ਸੁੱਤੀ ਪਈ ਸੀ। ਰੱਬ ਦਾ ਸ਼ੁਕਰ ਸੀ ਕਿ ਬੱਬਰੋ ਠੀਕ ਸੀ।ਉਸਦੇ ਸੌਣ ਦਾ ਤਰੀਕਾ ਵੀ ਅਜੀਬ ਸੀ ਅੱਗੇ ਵਾਲੇ ਪੈਰ ਮੂਹਰੇ ਨੂੰ ਵਿਸਾਰ ਕੇ ਤੇ ਪਿੱਛੇ ਵਾਲੇ ਪਿੱਛੇ ਨੂੰ ਵਿਸਾਰ ਕੇ ਤੇ ਟਿੰਡ ਗਿੱਲੀ ਮਿੱਟੀ ਨਾਲ ਲਾ ਕੇ ਸੌਂਦੀ ਸੀ।

ਤਿੰਨ ਚਾਰ ਦਿਨਾਂ ਤੋਂ ਬੱਬਰੋ ਨਾ ਘਰ ਆਈ ਤੇ ਨਾ ਗਲੀ 'ਚ ਕਿਤੇ ਦਿਖਾਈ ਦਿੱਤੀ ਫੇਰ ਗਵਾਂਢੀਆਂ ਦੇ ਮੁੰਡੇ ਨੇ ਦੱਸਿਆ ਕੇ ਦੀਦੀ ਕਿਸੇ ਨੇ ਉਹਦੀ ਪੂਛ ਨੂੰ ਰਬੜ ਪਾ ਦਿੱਤੀ ਸੀ। ਜਦੋਂ ਅਸੀਂ ਉਸਨੂੰ ਦੇਖਿਆ ਤਾਂ ਬੁਲਾਇਆ ਵੀ ਪਰ ਉਹ ਸਾਡੇ ਲਾਗੇ ਨਹੀਂ ਆ ਰਹੀ ਸੀ। ਅਸੀਂ ਇਹ ਵੀ ਵੇਖਿਆ ਕਿ ਉਸਦੀ ਪੂਛ ਟੁੱਟ ਚੁੱਕੀ ਸੀ ਤੇ ਉਸ ਥਾਂ ਸੋਜ ਵੀ ਪਈ ਹੋਈ ਸੀ। ਅਸੀਂ ਉਸਨੂੰ ਰੋਟੀ ਪਾਈ ਤੇ ਵੀ ਦੁੱਧ ਪਾਇਆ। ਪਰ ਉਹ ਕੁਝ ਵੀ ਨਹੀਂ ਖਾ ਰਹੀ ਸੀ। ਅਸੀਂ ਉਸਦੇ ਕਾਲਾ ਤੇਲ ਵੀ ਲਾਇਆ ਪਰ ਫ਼ਰਕ ਨਾ ਪਿਆ। ਮੈਂ ਤੇ ਮੰਮੀ ਕਿਤੇ ਗਈਆਂ ਸੀ ਜਦੋਂ ਘਰ ਵਾਪਸ ਆਈਆਂ ਤਾਂ ਬੱਬਰੋ ਕਮਰੇ 'ਚ ਪੱਖੇ ਹੇਠ ਸੁੱਤੀ ਪਈ ਸੀ। ਮੇਰੀ ਭੈਣ ਨੇ ਦੱਸਿਆ ਕੇ ਬੱਬਰੋ ਚੂੰ ਚੂੰ ਕਰਦੀ ਮੇਰੇ ਕੋਲ ਆ ਕੇ ਪੈਰਾਂ 'ਚ ਲਿਟਣ ਲੱਗ ਗਈ ਤੇ ਮੈਂ ਇਸਦੇ ਕਾਲਾ ਤੇਲ ਲਗਾ ਦਿੱਤਾ,ਦੁੱਧ ਵੀ ਪਾ ਦਿੱਤਾ,ਹੁਣੇ ਪੀ ਕੇ ਲੇਟੀ ਹੈ ਤਾਂ ਮੇਰੇ ਮਨ ਨੂੰ ਥੋੜ੍ਹੀ ਤਸੱਲੀ ਹੋਈ ਕਿ ਹੁਣ ਇਸਨੇ ਠੀਕ ਹੋ ਜਾਣਾ। ਮੈਂ ਆਪਣੇ ਵੱਡੇ ਭਰਾ ਨੂੰ ਉਸਦੇ ਲਈ ਦਵਾਈ ਲਿਆਉਣ ਲਈ ਕਿਹਾ ਤੇ ਉਹ ਸ਼ਾਮ ਨੂੰ ਕੰਮ ਤੋਂ ਆਉਂਦੇ ਹੋਏ ਲੈ ਆਏ। ਮੈਂ ਬੱਬਰੋ ਦੇ ਜਖ਼ਮਾਂ 'ਤੇ ਦਵਾਈ ਲਗਾ ਦਿੱਤੀ।

ਦੂਜੇ ਦਿਨ ਬੱਬਰੋ ਕਿਤੇ ਲੱਭੀ ਨਾ। ਨਾ ਘਰ 'ਚ ਨਾ ਗਲੀ 'ਚ ਪਰ ਜਦੋਂ ਤੂੜੀ ਲੈਣ ਗਏ ਤਾਂ ਉਹ ਤੂੜੀ ਵਾਲੇ ਕਮਰੇ 'ਚ ਲੁਕ ਕੇ ਬੈਠੀ ਸੀ। ਮੈਂ ਤੇ ਮੇਰੀ ਭੈਣ ਚੁੱਕ ਕੇ ਘਰ ਲਿਆਉਣ ਲੱਗੇ ਤਾਂ ਉਹ ਆ ਨਹੀਂ ਰਹੀ ਸੀ। ਅਸੀਂ ਫੇਰ ਵੀ ਉਸਨੂੰ ਚੁੱਕ ਕੇ ਘਰ ਲੈ ਆਏ। ਜਦੋਂ ਮੈਂ ਉਸਦੇ ਜਖ਼ਮ ਤੇ ਦਵਾਈ ਲਗਾਉਣ

ਲੱਗੀ ਤਾਂ ਉਸਨੇ ਦਵਾਈ ਨਾ ਲਗਵਾਈ। ਮੈਂ ਕਾਲਾ ਤੇਲ ਹੀ ਲਗਾ ਦਿੱਤਾ। ਉਸਦੇ ਜਖ਼ਮਾਂ ਵਿੱਚੋਂ ਪਾਣੀ ਵਗ ਰਿਹਾ ਸੀ। ਬੱਬਰੋ ਨੇ ਨਾ ਰੋਟੀ ਖਾਧੀ ਨਾ ਦੁੱਧ ਪੀਤਾ। ਉਹਦੇ ਵੱਲ ਦੇਖ- ਕੇ ਮਨ ਦੁਖੀ ਹੋ ਰਿਹਾ ਸੀ। ਬੱਬਰੋ ਨੇ ਖਾਣਾ ਪੀਣਾ ਛੱਡ ਦਿੱਤਾ ਕਿਉਂਕਿ ਸੋਜ ਬਹੁਤ ਪੈ ਗਈ ਸੀ। ਡਾਕਟਰ ਤੋਂ ਲਿਆਂਦੀ ਦਵਾਈ ਦਾ ਉਲਟ ਹੀ ਅਸਰ ਹੋਇਆ ਸੀ। ਐਤਵਾਰ ਹੋਣ ਕਰਕੇ ਹਸਪਤਾਲ ਵੀ ਬੰਦ ਸੀ।ਰਾਤ ਨੂੰ ਜਦੋਂ ਵੱਡੇ ਭਾਅ ਜੀ ਕੰਮ ਤੋਂ ਆਏ ਤਾਂ ਉਹਨਾਂ ਨੂੰ ਸਾਰੀ ਗੱਲ ਦੱਸੀ। ਭਾਅ ਜੀ ਵੀ ਬਹੁਤ ਦੁਖੀ ਹੋਏ ,ਕਹਿੰਦੇ ਕੋਈ ਨਾ ਸਵੇਰ ਨੂੰ ਹਸਪਤਾਲ ਲੈ ਜਾਵਾਂਗੇ,ਠੀਕ ਹੋ ਜਾਵੇਗੀ। ਸਾਨੂੰ ਵੀ ਥੋੜ੍ਹਾ ਹੌਸਲਾ ਹੋ ਗਿਆ।

ਦਿਨ ਚੜ੍ਹਨ ਦੀ ਉਡੀਕ ਵਿੱਚ ਰਾਤ ਲੰਘੀ ! ਸਵੇਰਾ ਹੋਇਆ ਤਾਂ ਦੇਖਿਆ ਬੱਬਰੋ ਘਰ ਨਹੀਂ ਸੀ। ਸਾਰੇ ਪਾਸੇ ਦੇਖਿਆ ਘਰ, ਤੂੜੀ ਵਾਲੇ ਕਮਰੇ ਚ,ਗਲੀ ਪੂਰੇ ਮੁਹੱਲੇ 'ਚ ਆਸੇ ਪਾਸੇ ਖੇਤਾਂ 'ਚ ਪਰ ਬੱਬਰੋ ਕਿਤੇ ਨਾ ਲੱਭੀ।ਮੰਮੀ ਕਹਿੰਦੇ ਜਦੋਂ ਕੁੱਤੇ ਦੀ ਮੌਤ ਆਈ ਹੁੰਦੀ ਆ ਤਾਂ ਉਹ ਮਾਲਕ ਦਾ ਘਰ ਛੱਡ ਦਿੰਦਾ ਆ। ਹੁਣ ਦਿਲ ਨੂੰ ਹੋਰ ਵੀ ਫ਼ਿਕਰ ਲੱਗ ਗਿਆ। ਬੱਬਰੋ ਠੀਕ ਹੋਵੇ ਬਸ ਮਨ ਵਾਰ ਵਾਰ ਇਹੀ ਸੋਚ ਰਿਹਾ ਸੀ। ਮੇਰੇ ਮਨ ਦਾ ਬੋਝ ਵਧ ਗਿਆ ਕਿ ਕਾਸ਼ ਮੈਂ ਭਾਅ ਜੀ ਦੀ ਲਿਆਂਦੀ ਦਵਾਈ ਹੀ ਬੱਬਰੋ ਦੇ ਨਾ ਲਾਉਂਦੀ। ਉਸਨੂੰ ਕਾਲੇ ਤੇਲ ਨਾਲ ਹੀ ਅਰਾਮ ਆ ਜਾਣਾ ਸੀ।

ਹੁਣ ਕੁਝ ਨੀ ਹੋ ਸਕਦਾ ਸੀ। ਵਕਤ ਰੇਤ ਦੀ ਤਰ੍ਹਾਂ ਹੱਥੋਂ ਫ਼ਿਸਲ ਚੁੱਕਾ ਸੀ। ਕਦੇ ਆਪਣੇ ਆਪ ਤੇ ਗੁੱਸਾ ਆਉਂਦਾ ਤੇ ਕਦੇ ਉਸ ਤੇ ਜਿਸਨੇ ਬੱਬਰੋ ਦੀ ਪੂਛ ਨੂੰ ਰਬੜ ਪਾਈ ਸੀ। ਹਰ ਪਲ ਬਸ ਪਛਤਾਵੇ ਚ ਲੰਘ ਰਿਹਾ ਸੀ। ਮੈਨੂੰ ਛੋਟੇ ਹੁੰਦਿਆਂ ਹੀ ਕੁੱਤਿਆਂ ਤੋਂ ਡਰ ਲੱਗਦਾ ਸੀ। ਕਿਉਂਕਿ ਇੱਕ ਦੋ ਹਾਦਸੇ ਹੋ ਚੁੱਕੇ ਸੀ ਮੇਰੇ ਨਾਲ ਏਦਾਂ ਦੇ ਕਿ ਡਰ ਲੱਗਦਾ ਸੀ । ਪਰ ਬੱਬਰੋ ਦੇ

ਆਉਣ ਤੋਂ ਬਾਅਦ ਮੇਰਾ ਡਰ ਖਤਮ  ਹੋ ਗਿਆ ਸੀ। ਹੁਣ ਮੈਨੂੰ ਹਰ ਕੁੱਤੇ ਚ ਬਸ ਬੱਬਰੋ ਦਾ ਭੋਲਾ ਭਾਲਾ ਚਿਹਰਾ ਹੀ ਦਿਖਾਈ ਦਿੰਦਾ ਸੀ।

ਅਸੀਂ ਦੋ ਤਿੰਨ ਦਿਨ ਪਰੇਸ਼ਾਨ ਰਹੇ ਬੱਬਰੋ ਨਾ ਆਈ। ਕਿਸੇ ਨੇ ਦੱਸਿਆ ਕਿ ਇੱਕ ਕਾਲੇ ਰੰਗ ਦੀ ਕੁੱਤੀ ਕਮਾਦ 'ਚ ਮਰੀ ਪਈ ਆ।ਅਸੀਂ ਸਾਰੇ ਭੱਜ ਕੇ ਦੇਖਣ ਗਏ ਤਾਂ ਸੱਚੀਂ ਉਹ ਬੱਬਰੋ ਹੀ ਸੀ ਜੋ ਨਿੱਕੀ ਹੁੰਦੀ ਕਮਾਦ 'ਚ ਖੇਡਿਆ ਕਰਦੀ ਸੀ ਅੱਜ ਓਥੇ ਸਦਾ ਦੀ ਗਹਿਰੀ ਨੀਂਦ ਸੁੱਤੀ ਪਈ ਸੀ। ਦੁਖੀ ਮਨ ਨਾਲ ਬੱਬਰੋ ਨੂੰ ਉਸੇ ਕਮਾਦ ਚ ਦਫ਼ਨਾ ਕੇ ਅਸੀਂ ਘਰ ਆ ਗਏ।

ਬੱਬਰੋ ਦੇ ਜਾਣ ਤੋਂ ਬਾਅਦ ਕਈ ਦਿਨਾਂ ਤੱਕ ਗਲੀ ਵਿੱਚ ਉਸ ਦੀਆਂ ਹੀ ਗੱਲਾਂ ਹੁੰਦੀਆਂ ਰਹਿੰਦੀਆਂ ਸੀ। ਹੁਣ ਮਨ ਦੁਖੀ ਤੇ ਉਦਾਸ ਰਹਿਣ ਲੱਗ ਪਿਆ ਸੀ। ਬੱਬਰੋ ਦੀਆਂ ਗੱਲਾਂ ਸੁਣ ਮੇਰਾ ਮਨ ਭਰ ਜਾਂਦਾ। ਉਸਦਾ ਚਿਹਰਾ,ਨਰਮ ਕੂਲੀ ਜੱਤ,ਉਸਦਾ ਚੂੰ ਚੂੰ ਕਰਨਾ ਸਭ ਯਾਦ ਆਉਂਦਾ।ਇਸਤੋਂ ਵੀ ਵੱਧ ਉਸਦਾ ਤਕਲੀਫ਼ ਚ ਚਲੇ ਜਾਣਾ ਦੁਖੀ ਕਰਦਾ ਸੀ।

ਹੌਲ਼ੀ ਹੌਲ਼ੀ ਸਭ ਬੱਬਰੋ ਨੂੰ ਭੁੱਲ ਗਏ ! ਸਾਲਾ ! ਮੈ ਉਸਨੂੰ ਕਿਵੇਂ ਭੁੱਲਾਂ .... ਮੈਂ ਤੇ ਉਸਦੀ ਕਸੂਰਵਾਰ ਹਾਂ... ਕਸੂਰ ਦੀ ਮਾਫ਼ੀ ਵੀ ਤਾਂ ਨਹੀਂ ਮੰਗ ਸਕਦੀ... ਕਿਸ ਤੋਂ ਮੰਗਾਂ......?

**ਕੌਰ ਕਿੰਦਰ**

**ਇੰਸਟਾਗ੍ਰਾਮ : KaurKaur 64**

# ਮੈਂ ਵਿਆਹੀ ਹੋਈ ਨਹੀ ਹਾਂ

"ਆਖ ਰਹੇ ਨੇ ਸਾਰਾ ਦਿਨ ਸੁੱਤੀ ਪਈ ਰਹਿੰਦੀ ਸੀ। ਕੋਈ ਕੰਮ ਨਹੀਂ ਕਰਦੀ ਸੀ। " ਜਸਲੀਨ ਦਾ ਪਿਤਾ ਨਰਿੰਦਰ ਸਿੰਘ ਸਿਰ ਨੀਵਾਂ ਕਰ ਕੇ ਜਸਲੀਨ ਦੀ ਮਾਸੀ ਨੂੰ ਸਾਰੀ ਗੱਲ ਦੱਸ ਰਿਹਾ ਹੈ।
ਅੱਜ ਪੰਚਾਇਤ ਹੋਣੀ ਹੈ,,, ਦੇਖਦੇ ਹਾਂ ਕੀ ਬਣਦਾ ਹੁਣ।

ਨਰਿੰਦਰ ਸਿੰਘ ਆਪਣੇ ਰਿਸ਼ਤੇਦਾਰ ਤੇ ਧੀ ਨੂੰ ਲੈ ਕੇ ਪੰਚਾਇਤ ਵਿੱਚ ਜਾਂਦਾ ਹੈ।
ਇੱਕ ਪਾਸੇ ਮੁੰਡੇ ਵਾਲੇ ਵੀ ਆ ਕੇ ਬੈਠੇ ਹੋਏ ਨੇ।

ਪੰਚਾਇਤ ਦਾ ਮੁਖੀ '..... ਇਹ ਆਖ ਰਹੇ ਨੇ ਕਿ ਤੁਹਾਡੀ ਕੁੜੀ ਨੂੰ ਨਾ ਬੈਠਣ ਦੀ, ਨਾ ਰੋਟੀ ਬਣਾਉਣ ਦੀ, ਨਾ ਗੱਲ ਕਰਨ ਦੀ ਤਾਲੀਮ ਹੈ।
ਨਰਿੰਦਰ ਸਿੰਘ - - - ਸਰਪੰਚ ਸਾਬ ਸਾਰਾ ਪਿੰਡ ਜਾਣਦਾ ਕਿ ਮੇਰੀ ਧੀ ਨੂੰ ਕਿੰਨੀ ਤਾਲੀਮ ਹੈ,, ਮੇਰੀ ਧੀ ਤਾਂ ਕਦੇ ਉੱਚਾ ਨੀ ਬੋਲਦੀ ਕਿਸੇ ਨੂੰ,,,, ਜੋ ਗੱਲਾਂ ਇਹ ਆਖ ਰਹੇ ਨੇ ਮੈਨੂੰ ਉਹਨਾਂ ਤੇ ਯਕੀਨ ਨੀ ਆ ਰਿਹਾ।
ਪੰਚਾਇਤ.... ਇਹ ਤਲਾਕ ਦੇਣ ਦੀ ਗੱਲ ਆਖ ਰਹੇ ਨੇ ਤੇ ਕਹਿ ਰਹੇ ਨੇ ਕਿ

ਅਸੀਂ ਨੀ ਰੱਖ ਸਕਦੇ ਤੁਹਾਡੀ ਕੁੜੀ ਨੂੰ ਉਹ ਇਹਨਾਂ ਦੇ ਕਾਬਿਲ ਨਹੀਂ ਹੈ,,,
ਹਾਂ ਧੀਏ ਤੂੰ ਕੁਝ ਕਹਿਣਾ ਹੈ??

ਜਸਲੀਨ.... ਜੀ ਮੈ ਤਾਂ ਵਿਆਹੀ ਹੋਈ ਹਾਂ ਹੀ ਨਹੀਂ ਤਾਂ ਤਲਾਕ ਕੀ ਦੇਵਾਂ।
ਪੰਚਾਇਤ... ਪੁੱਤ ਸਭ ਦੇ ਸਾਹਮਣੇ ਤਾਂ ਤੁਹਾਡੀਆਂ ਗੁਰੂ ਘਰ ਲਾਵਾਂ ਹੋਈਆਂ ਸੀ।
ਜਸਲੀਨ.... ਨਹੀਂ ਜੀ,, ਮੈ ਵਿਆਹੀ ਹੋਈ ਨਹੀਂ ਹਾਂ।

ਦੇਖ ਲਓ ਜੀ ਕਿੱਦਾਂ ਬੋਲਦੀ ਹੈ,, ਨਾਲੇ ਸਾਰੇ ਪਿੰਡ ਦੇ ਸਾਹਮਣੇ ਮੇਰਾ ਪੁੱਤ ਇਹਨੂੰ ਵਿਆਹ ਕੇ ਲੈ ਕੇ ਗਿਆ,,, ਮੈਂ ਨੀ ਰੱਖਣੀ ਇਹ ਕੁੜੀ
(( ਮੁੰਡੇ ਦੀ ਮਾਂ))
ਪੰਚਾਇਤ ਜਸਲੀਨ ਦੇ ਪਤੀ ਜਸਵਿੰਦਰ ਨੂੰ... ਤੂੰ ਦੱਸ ਕਾਕਾ ਆਖ਼ਿਰ ਇਹ ਗੱਲ ਕੀ ਹੈ ਵਿਚਲੀ।

ਜਸਵਿੰਦਰ - - ਮੈਨੂੰ ਨੀ ਪਤਾ ਜੀ ਬਸ ਮੈਂ ਨੀ ਰੱਖਣੀ ਇਹ ਆਪਣੇ ਘਰ ਮੈਨੂੰ ਤਲਾਕ ਚਾਹੀਦਾ ਹੈ।
ਪੰਚਾਇਤ..... ਧੀਏ ਤੂੰ ਕੀ ਚਾਹੁੰਦੀ ਹੈ?
ਜਸਲੀਨ...... ਜੀ ਤਲਾਕ।

ਪੰਚਾਇਤ ਹਲੇ ਹੋਰ ਸੋਚਣ ਦਾ ਸਮਾਂ ਦੇ ਕੇ ਸਭ ਨੂੰ ਘਰ ਭੇਜ ਦੇਂਦੀ ਹੈ।
ਤੂੰ ਵਾਰ ਵਾਰ ਇਹ ਕਿਉਂ ਆਖ ਰਹੀ ਹੈ ਤੂੰ ਵਿਆਹੀ ਹੋਈ ਨਹੀਂ ਹੈ,, ਅਸੀਂ ਤੈਨੂੰ ਹੱਥੀਂ ਤੋਰਿਆ ਹੈ ਪੁੱਤ। ਜਸਲੀਨ ਦੇ ਸਾਰੇ ਘਰ ਦੇ ਵਾਰ ਵਾਰ ਉਸਤੋਂ

ਇਹ ਸਵਾਲ ਪੁੱਛ ਰਹੇ ਨੇ।

ਉਹ ਗੁੱਸੇ ਵਿੱਚ ਬੋਲ ਪਈ ਕਿ ਮੈ ਇੱਕ ਵਾਰ ਜੇ ਆਖ ਤਾਂ ਕੀ ਜੇ ਮੈਂ ਨਹੀਂ ਵਿਆਹੀ ਹੋਈ ਤਾਂ ਨਹੀਂ ਵਿਆਹੀ ਹੋਈ ਸਮਝ ਗਏ ਸਾਰੇ। ਇਨ੍ਹਾਂ ਆਖ ਆਪਣੇ ਕਮਰੇ ਵਿੱਚ ਚਲੀ ਜਾਂਦੀ ਹੈ,,,ਤੇ ਉਸ ਸਮੇਂ ਨੂੰ ਯਾਦ ਕਰਦੀ ਹੈ ਜਦੋਂ ਉਹ ਦੁਲਹਨ ਬਣੀ ਸੀ।

ਹਾਲੇ 12ਵੀ ਜਮਾਤ ਦੇ 3 ਪੇਪਰ ਰਹਿੰਦੇ ਸੀ, ਕਿ ਜਸਲੀਨ ਲਈ ਕੈਨੇਡਾ ਤੋ ਆਏ ਮੁੰਡੇ ਦਾ ਰਿਸ਼ਤਾ ਆ ਗਿਆ। ਜਸਲੀਨ ਨੂੰ 18ਵਾ ਸਾਲ ਲੱਗੇ ਨੂੰ 2 ਮਹੀਨੇ ਹੋ ਗਏ ਸੀ।

ਘਰਦਿਆਂ ਨੇ ਹਾਂ ਆਖਣ ਨੂੰ ਬਿਲਕੁਲ ਵੀ ਸਮਾਂ ਨੀ ਲਗਾਇਆ।

ਪੇਪਰਾਂ ਵਿੱਚ ਹੀ ਜਸਲੀਨ ਦਾ ਵਿਆਹ ਕਰ ਦਿੱਤਾ,,, ਪੇਪਰ ਵੀ ਵਿਆਹ ਤੋ ਮਗਰੋਂ ਹੀ ਪਾਏ। ਜਸਵਿੰਦਰ ਨਾਲ ਹੁਣ ਉਹਨੂੰ ਉਹ ਪਿਆਰ ਹੋ ਗਿਆ ਸੀ ਜੋ ਹਰ ਪਤਨੀ ਨੂੰ ਆਪਣੇ ਪਤੀ ਨਾਲ ਹੁੰਦਾ ਹੈ।

ਜਸਲੀਨ ਆਪਣੇ ਖਿਆਲਾਂ ਵਿੱਚ ਹੀ ਸੀ ਕਿ ਉਸ ਨੂੰ ਦਰਵਾਜੇ ਤੇ ਕਿਸੇ ਦੇ ਆਉਣ ਦੀ ਆਹਟ ਸੁਣੀ,,, ਜਸਲੀਨ ਦੀ ਮਾਸੀ ਅੰਦਰ ਆ ਗਈ।

ਮਾਸੀ.... ਕਿੱਦਾਂ ਪੁੱਤ ਦੇਖ ਕਿ ਹਾਲਤ ਕਰੀ ਹੋਈ ਤੂੰ ਆਪਣੀ। ਪੁੱਤ ਮੈਨੂੰ ਸਮਝ ਨੀ ਆ ਰਹੀ ਕਿ ਤੂੰ ਇਹ ਗੱਲ ਵਾਰ ਵਾਰ ਕਿਉਂ ਆਖੀ ਜਾ ਰਹੀ ਹੈਂ ਕਿ ਤੂੰ ਵਿਆਹੀ ਹੋਈ ਨਹੀਂ ਹੈ ਇਸ ਤਰ੍ਹਾਂ ਤਾਂ ਉਹਨਾਂ ਨੇ ਤੈਨੂੰ ਤਲਾਕ ਦੇਣ ਲਈ ਤੇਰੇ ਪਾਗਲ ਹੋਣ ਦਾ ਇੱਕ ਕਾਰਨ ਲਿਖਵਾ ਦੇਣਾ ਹੈ,,, ਕਿਉਂਕਿ ਤੂੰ ਇਸ ਤਰ੍ਹਾਂ ਬੋਲ ਰਹੀ ਹੈ।

ਜਸਲੀਨ... ਸੱਚੀਂ ਮੈਂ ਵਿਆਹੀ ਹੋਈ ਨਹੀਂ ਹਾਂ ਮਾਸੀ।

ਮਾਸੀ... ਦੇਖ ਫੇਰ ਉਹੀ ਗੱਲਾਂ... ਵਿਚਲੀ ਗੱਲ ਦੱਸ ਪੁੱਤ ਕੀ ਹੈ।
ਜਸਲੀਨ.... ਇੱਕ ਗੱਲ ਦੱਸੋ ਇੱਕ ਕੁੜੀ ਕੀ ਵਿਆਹ ਕਰਵਾ ਕੇ ਵਿਆਹੀ ਹੋ ਜਾਂਦੀ ਹੈ।
ਮਾਸੀ.... ਹਾਂ ਪੁੱਤ ਜਦੋਂ ਕੁੜੀ ਵਿਆਹੀ ਗਈ ਪਤੀ ਦਾ ਨਾਮ ਨਾਲ ਜੁੜ ਗਿਆ ਤਾਂ ਉਹ ਵਿਆਹੀ ਹੀ ਗਈ।

ਜਸਲੀਨ... ਨਹੀਂ ਮਾਸੀ ਇਸ ਤਰ੍ਹਾਂ ਨੀ ਹੁੰਦਾ,, ਇੰਨਾ ਆਖ ਰੋਣ ਲੱਗ ਜਾਂਦੀ ਹੈ।

ਮਾਸੀ... ਘਬਰਾ ਜਾਂਦੀ ਹੈ,,, ਪੁੱਤ ਗੱਲ ਦੱਸ ਵਿਚਲੀ ਕੀ ਹੈ???
ਮੇਰਾ ਦਿਲ ਥੋੜ੍ਹਾ ਹੋਰ ਹੋ ਰਿਹਾ ਹੈ।

ਜਸਲੀਨ ਰੋਂਦੇ ਹੋਏ... ਮਾਸੀ ਵਿਆਹ ਦੇ ਤੀਸਰੇ ਦਿਨ ਇਹ ਮੇਰੇ ਕੋਲ ਆਏ ਤੇ ਆਖਣ ਲੱਗੇ ਜਸਲੀਨ ਤੇਰੇ 3 ਪੇਪਰ ਰਹਿੰਦੇ ਨੇ। ਹੈਗੇ ਵੀ ਲਗਾਤਾਰ ਨੇ ਵਿਆਹ ਕਰਕੇ ਤੇਰੇ ਕੋਲੋਂ ਪੜ ਨੀ ਹੋਇਆ 3 ਦਿਨ ਦੀ ਤਾਂ ਗੱਲ ਹੈ ਤੂੰ ਆਪਣੇ ਪਿੰਡ ਚਲੀ ਜਾ ਪੇਪਰ ਪਾ ਕੇ ਆ ਜਾਵੀਂ ਫੇਰ ਆਪਾਂ ਚੰਡੀਗੜ੍ਹ ਘੁੰਮਣ ਜਾਵਾਂਗੇ।

ਮਾਸੀ ਮੈਂ ਮੰਨ ਗਈ ਪਿੰਡ ਆ ਗਈ ਤੇ ਪੇਪਰ ਦੇ ਦਿੱਤੇ। 4 ਦਿਨਾਂ ਬਾਅਦ ਇਹ ਮੈਨੂੰ ਲੈਣ ਆ ਗਏ ,,,,ਆਪਣੇ ਆਖੇ ਅਨੁਸਾਰ।
ਇਹ ਮੈਨੂੰ ਚੰਡੀਗੜ ਲੈ ਗਏ। ਅਸੀਂ ਇੱਕ ਹੋਟਲ ਵਿੱਚ ਇੱਕ ਕਮਰਾ ਬੁੱਕ ਕਰਵਾ ਲਿਆ। ਸਾਰਾ ਕਮਰਾ ਫੁੱਲਾਂ ਨਾਲ ਸਜਿਆ ਹੋਇਆ ਸੀ,, ਕਿਉਂਕਿ

ਹਨੀਮੂਨ ਸੀ ਸਾਡਾ ਇਸ ਲਈ। ਮੈਨੂੰ ਰੂਮ ਵਿੱਚ ਛੱਡ ਇਹ ਬਾਹਰ ਇਹ ਆਖ ਕੇ ਚਲੇ ਗਏ ਕਿ.. ਹੁਣੇ ਗਿਆ ਤੇ ਆਇਆ ਬਸ। ਮੈਂ ਕਾਫ਼ੀ ਸਮੇਂ ਤੱਕ ਉਡੀਕਦੀ ਰਹੀ... ਮੈਂ ਬਹੁਤ ਡਰ ਗਈ ਤੇ ਕਦੋਂ ਮੇਰੀ ਅੱਖ ਲੱਗ ਗਈ ਮੈਨੂੰ ਪਤਾ ਹੀ ਨਹੀਂ ਲੱਗਿਆ,,, ਸਵੇਰੇ ਜਦੋਂ ਅੱਖ ਖੁੱਲ੍ਹੀ ਤਾਂ ਇਹ ਮੇਰੇ ਸਾਹਮਣੇ ਬੈਠੇ ਸੀ। ਮੈਂ ਜਲਦੀ ਨਾਲ ਇਹਨਾਂ ਨੂੰ ਜੱਫ਼ੀ ਪਾ ਕੇ ਪੁੱਛਿਆ ਕਿੱਥੇ ਚਲੇ ਗਏ ਸੀ? ਮੈਂ ਪਤਾ ਕਿੰਨਾ ਡਰ ਗਈ ਸੀ।

ਜਸਵਿੰਦਰ.... ਮੈਂ ਤਾਂ ਆ ਗਿਆ ਸੀ,,, ਤੂੰ ਹੀ ਸੌਂ ਰਹੀ ਸੀ। ਮੇਰਾ ਦਿਲ ਨੀ ਕੀਤਾ ਫਿਰ ਮੇਰੀ ਜਾਨ ਨੂੰ ਜਗਾਉਣ ਦਾ। ਅੱਛਾ ਜੀ.... ਹਾਂ ਜੀ। ਚੱਲੋ ਹੁਣ ਬਾਹਰ ਜਾ ਕੇ ਆਉਂਦੇ ਹਾਂ। ਅਸੀਂ ਚਲੇ ਗਏ। ਦੂਜੀ ਰਾਤ ਇਹਨਾਂ ਨੇ ਫਿਰ ਓਦਾਂ ਕਰੀ ਤੇ ਉਹੀ ਬਹਾਨਾ ਬਣਾਇਆ। ਮੈਨੂੰ ਆਉਣ ਵਾਲੀ ਰਾਤ ਬਾਰੇ ਸੋਚ ਸੋਚ ਕੇ ਡਰ ਲੱਗ ਰਿਹਾ ਸੀ। 8 ਕ ਵਜੇ ਇਹ ਮੈਨੂੰ ਆਖਣ ਲੱਗੇ ਰਾਤ ਬਹੁਤ ਹੋ ਗਈ ਹੈ ਸੋ ਜਾ ਹੁਣ ਤੂੰ........ ਕਿਉਂ (ਜਸਲੀਨ) ਮੈਂ ਤਾਂ ਤੁਹਾਡੇ ਨਾਲ ਗੱਲਾਂ ਕਰਨੀਆਂ ਨੇ। ਨਹੀਂ.....

ਇੰਨਾ ਆਖ ਮੈਂ ਇਹਨਾਂ ਨੂੰ ਜੱਫ਼ੀ ਪਾ ਲਈ। ਇਹਨਾਂ ਨੇ ਮੈਨੂੰ ਆਪਣੇ ਆਪ ਤੋਂ ਪਿੱਛੇ ਕਰ ਦਿੱਤਾ। ਮੈ ਪੁੱਛਿਆ ਅਖੀਰ ਤੁਸੀਂ ਇਸ ਤਰ੍ਹਾਂ ਕਿਉਂ ਕਰ ਰਹੇ ਹੋ।

ਜਸਵਿੰਦਰ... ਯਾਰ ਜਸਲੀਨ ਤੂੰ ਸਮਝ ਨੀ ਰਹੀ। ਚੱਲ ਛੱਡ ਤੂੰ ਸੌਂ ਜਾ।
ਨਹੀਂ ਬਿਲਕੁਲ ਨੀ ਮੈਂ ਤੁਹਾਡੇ ਨਾਲ ਗੱਲਾਂ ਕਰਨੀਆਂ ਨੇ। ਮੈ ਦੋਬਾਰਾ ਇਹਨਾਂ ਨੂੰ ਜੱਫੀ ਪਾਈ ਪਰ ਇਹ ਫਿਰ ਮੇਰੇ ਕੋਲੋਂ ਪਿੱਛੇ ਹਟ ਗਏ,,,,ਤੇ ਆਖਣ ਲੱਗੇ ਮੈਂ ਤੇਰੇ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦਾ ਸੀ। ਇਹ

ਇੱਕ ਧੱਕੇ ਵਾਲਾ ਵਿਆਹ ਹੈ।
ਬਸ ਇਹ ਵਿਆਹ ਸਾਡੇ ਪਰਿਵਾਰ ਦੀ ਇੱਜ਼ਤ ਦੀ ਖਾਤਰ ਹੋਇਆ ਹੈ।
ਜਦੋਂ ਮੈਂ ਪੁੱਛਿਆ ਕਿ ਤੁਸੀਂ ਇਸ ਤਰ੍ਹਾਂ ਕਿਉਂ ਬੋਲ ਰਹੇ ਹੋ ਤਾਂ ਉਸ ਤੋਂ ਬਾਅਦ ਉਹਨਾਂ ਨੇ ਜੋ ਕੀਤਾ ਦੇਖ ਕੇ ਮੈ ਬਸ ਗੁੰਮ ਹੀ ਹੋ ਗਈ।
ਉਹਨਾਂ ਨੇ ਇੱਕ ਟੀਕਾ ਆਪਣੀ ਜੇਬ ਵਿੱਚੋਂ ਕੱਢਿਆ ਤੇ ਆਪਣੀ ਬਾਂਹ ਚ ਲਗਾ ਲਿਆ ਤੇ ਆਖਣ ਲੱਗੇ ਸਮਝ ਗਈ ਕਿਉਂ ਨੀ ਕੋਲ ਆ ਰਿਹਾ ਮੈ ਤੇਰੇ।

(ਜਸਵਿੰਦਰ) ਮੈ ਨਸ਼ੇ ਦਾ ਇੰਨਾ ਆਦੀ ਹੋ ਗਿਆ ਹਾਂ ਕਿ ਆਪਣੀ ਪਿਓ ਬਨਣ ਦੀ ਸ਼ਕਤੀ ਵੀ ਗਵਾ ਬੈਠਾ ਹਾਂ। ਨਾ ਤਾਂ ਮੈਂ ਤੈਨੂੰ ਪਿਆਰ ਕਰ ਸਕਦਾ ਨਾ ਮਾਂ ਬਣਨ ਦਾ ਸੁੱਖ ਦੇ ਸਕਦਾ ਹਾਂ। ਫੈਸਲਾ ਤੇਰਾ ਹੈ। ਕੈਨੇਡਾ ਤੈਨੂੰ ਲੈ ਜਾਊਂਗਾ ਮੈਂ। ਕਿਰਾਏ ਦੀ ਕੁੱਖ ਨਾਲ ਬੱਚਾ ਪੈਦਾ ਕਰ ਲਈ। ਘਰ ਚ ਕੁਝ ਨਾ ਦੱਸੀਂ   ਇਸ ਵਾਰੇ।

ਇੰਨਾ ਸੁਣਦੇ ਹੀ,,,

ਮੈ ਗੁੱਸੇ ਚ ਬੋਲ ਪਈ ਧੋਖਾ ਦਿੱਤਾ ਤੁਸੀਂ ਮੈਨੂੰ,,,,   ਤੁਸੀਂ ਤਾਂ ਨਸ਼ੇੜੀ ਵੀ ਹੋ।

ਇਹ ਕਹਿਣ ਲੱਗੇ ਚੱਲ ਘਰ ਚੱਲਦੇ ਕੱਲ੍ਹ ,, ਪਰ ਘਰ ਇਸ ਵਾਰੇ ਕੁਝ ਨਾ ਬੋਲੀ ਤੂੰ।
ਇਹ ਮੈਨੂੰ ਘਰ ਲੈ ਆਏ। ਜਦੋਂ ਘਰ ਗਏ ਤਾਂ ਮੈਂ ਆਪਣੀ ਸੱਸ  ਨਾਲ ਸਾਰੀ ਗੱਲ ਕੀਤੀ ਤਾਂ  ਮੇਰੀ ਸੱਸ ਮੈਨੂੰ ਆਖਣ ਲੱਗੀ ਕਿ ਤੂੰ ਮੇਰੇ ਛੋਟੇ ਮੁੰਡੇ ਨਾਲ ਬੱਚਾ ਪੈਦਾ ਕਰ ਲਈ ਕਿਸੇ ਨੂੰ ਕੁਝ ਪਤਾ ਨਹੀਂ ਲੱਗਣਾ।

ਇਹ ਗੱਲ ਤਾਂ ਮੇਰੇ ਦਿਲ ਤੇ ਲੱਗ ਗਈ ਤੇ ਨਾ ਹੀ ਇਹ ਬਰਦਾਸ਼ਤ ਕਰਨ ਵਾਲੀ ਸੀ।

ਮੈ ਸਾਫ਼ ਮੁੱਕਰ ਗਈ ਕਿ ਮੈਂ ਇਹ ਸਭ ਨਹੀਂ ਕਰ ਸਕਦੀ ਤੇ ਇਸ ਕਰਕੇ ਇਹ ਮੇਰੇ ਨਾਲ ਲੜਨ ਲੱਗ ਪਏ ਤੇ ਇਥੇ ਛੱਡ ਗਏ ਇਹ ਆਖ ਕੇ ਕਿ ਇਹ ਕੋਈ ਕੰਮ ਨਹੀਂ ਕਰਦੀ ਸਾਰਾ ਦਿਨ ਫੋਨ ਤੇ ਲੱਗੀ ਰਹਿੰਦੀ ਆ... ਸਾਨੂੰ ਤਲਾਕ ਚਾਹੀਦਾ ਅਸੀਂ ਨ੍ਹੀ ਰੱਖਣੀ ਇਹ.... ਇਸ ਕਰ ਕੇ ਮੈ ਆਖ ਰਹੀ ਹਾਂ ਕਿ ਮੈਂ ਵਿਆਹੀ ਹੋਈ ਨਹੀਂ ਹਾਂ.... ਪਰ ਤੁਸੀਂ ਮੇਰੀ ਗੱਲ ਨੂੰ ਸਮਝ ਨੀ ਪਾ ਰਹੇ। ਮਾਸੀ ਨੇ ਇਹ ਸਭ ਸੁਣਦੇ ਹੀ ਜਸਲੀਨ ਨੂੰ ਗਲ਼ ਨਾਲ ਲਾ ਲਿਆ,,,,ਤੇ ਸਾਰੀ ਗੱਲ ਆਪਣੀ ਭੈਣ ਨੂੰ ਆ ਕੇ ਦੱਸੀ ਤੇ ਫਿਰ ਸਾਰੇ ਪਰਿਵਾਰ ਨੂੰ ਵੀ ਪਤਾ ਲੱਗ ਗਈ। ਸੱਚ ਹੁਣ ਸਭ ਦੇ ਸਾਹਮਣੇ ਆਇਆ। ਅਖ਼ੀਰ ਰਿਪੋਰਟ ਕਰਾਉਣ ਤੇ ਅਤੇ ਹੋਰ ਸਭ ਗੱਲਾਂ ਸਾਬਿਤ ਕਰਨ ਤੇ

ਜਸਲੀਨ ਦਾ 1 ਮਹੀਨੇ ਅੰਦਰ 18 ਸਾਲ ਦੀ ਉਮਰ ਵਿਚ ਹੀ ਤਲਾਕ ਹੋ ਗਿਆ। ਇਕ ਸੋਹਣੀ ਕਲੀ ਅੱਲ੍ਹੜ ਉਮਰ ਵਿੱਚ ਕੈਨੇਡਾ ਦੇ ਲਾਲਚ ਨੇ ਖਿੜਨ ਤੋ ਪਹਿਲਾ ਹੀ ਮੁਰਝਾ ਦਿੱਤੀ ਸੀ। ਜ਼ਿੰਦਗੀ ਸ਼ੁਰੂ ਹੋਈ ਨੀ ਕੇ ਉੱਡਣ ਵਾਲੇ ਪਰ ਪਹਿਲਾਂ ਕੱਟ ਹੋ ਗਏ।

֍֍֍֍֍ **ਮੋਨਿਕਾ ਸਹਿਜਲ**

**ਇੰਸਟਾਗ੍ਰਾਮ : wmkji.monika2597**

# ਕਵਿਤਾਵਾਂ

DIGITAL
ਕਲਮਾਂ ਵਾਲੇ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਗੁਲਾਬ ਵਾਂਗਰਾ

ਅਸਾਂ ਨੇ ਵੀ ਜ਼ਹਿਰ ਪੀਤਾ ਹੈ ਤੈਥੋਂ ਸ਼ਰਾਬ ਵਾਂਗਰਾਂ
ਤੇਰੇ ਰੂਪ ਨੂੰ ਵੀ ਪੜਿਆ ਹੈ ਸੋਹਣੀ ਕਿਤਾਬ ਵਾਂਗਰਾਂ

ਆਵਾਂਗੇ ਬਿਨ ਬੁਲਾਏ ਜਿਸ ਦਿਨ ਵੀ ਸਾਨੂੰ ਵਿਹਲ ਮਿਲੀ
ਪਰ ਤੇਰਾ ਬੁਲਾਵਾਂ ਤਾਂ ਮੈਨੂੰ ਦਿਸੇ ਕੋਰੇ ਜਵਾਬ ਵਾਂਗਰਾ

ਮੁਰਝਾਇਆ ਫੁੱਲ ਜਾਣ ਕੇ ਸੀ ਪੈਰਾਂ ਵਿੱਚ ਰੋਲ ਦਿੱਤਾ
ਫਿਰ ਕੌਣ ਸਾਨੂੰ ਸੰਭਾਲਦਾ ਦੱਸ ਸ਼ਬਾਬ ਵਾਂਗਰਾਂ

ਤੇਰਾ ਇਹ ਪਿਆਰ ਪਹਿਲਾਂ ਤਾਂ ਬਹੁਤ ਵਿਸ਼ਾਲ ਸੀ
ਹੁਣ ਇਹ ਘਟਕੇ ਰਹਿ ਗਿਆ ਏ ਪੰਜਾਬ ਵਾਂਗਰਾਂ

ਤੈਨੂੰ ਕੀ ਹੋਇਆ " ਚੰਨੀ" ਇਹ ਥੋੜੇ ਹੀ ਦਿਨਾਂ ਦੇ ਵਿੱਚ
ਪਹਿਲਾਂ ਤੇਰਾ ਚਿਹਰਾ ਲਾਲ ਸੀ ਸੂਹੇ ਗੁਲਾਬ ਵਾਂਗਰਾਂ

**ਜੀ "ਚੰਨੀ"**

**ਪਠਲਾਵਾ**

**ਮੋਬਾਇਲ ਨੰਬਰ : 79019-61352**

# ਕੀ ਲੈਣਾ

ਜਿਹੜਾ ਹਰ ਇੱਕ ਵਾਅਦਾ ਭੁੱਲ ਚੁੱਕਿਆ
ਉਹਨੂੰ ਯਾਦ ਕਰਾ ਕੇ ਕੀ ਲੈਣਾ
ਜਿਹਨਾਂ ਰਾਹਾਂ ਤੇ ਕਿਸੇ ਆਉਣਾ ਨਹੀਂ
ਉੱਥੇ ਨੈਣ ਵਿਛਾ ਕੇ ਕੀ ਲੈਣਾ

ਬਚਪਨ ਹੀ ਚੰਗਾ ਹੈ ਕਲੀਏ
ਐਵੇਂ ਹੀ ਖਿੜਣ ਦਾ ਚਾਅ ਤੈਨੂੰ
ਤੋੜਣ ਲਈ ਲੋਕ ਤਿਆਰ ਖੜੇ
ਜੋਬਨ ਤੇ ਆ ਕੇ ਕੀ ਲੈਣਾ

ਜਿਸ ਫੁੱਲ ਦੀ ਲਾਲੀ ਦੇ ਅੰਦਰ
ਭੌਰੇ ਦਾ ਖ਼ੂਨ ਡੁਲਕਦਾ ਏ
ਉਸ ਜਾਲਮ ਫੁੱਲ ਨੂੰ ਹੁਸਨਾਂ ਦਾ
ਸ਼ਿੰਗਾਰ ਬਣਾ ਕੇ ਕੀ ਲੈਣਾ

ਮੇਰੇ " ਚੰਨੀ " ਜੇਕਰ ਤੂੰ ਹੀ ਵੇ
ਮੇਰਾ ਹਮਦਰਦ ਨਾ ਬਣਿਆ ਵੇ
ਮੈਂ ਆਪਣੇ ਦਰਦ ਦਾ ਅਫ਼ਸਾਨਾ
ਦੁਨੀਆ ਨੂੰ ਸੁਣਾ ਕੇ ਕੀ ਲੈਣਾ

ਜੀ "ਚੰਨੀ"
ਪਠਲਾਵਾ
ਮੋਬਾਇਲ ਨੰਬਰ : 79019-61352

## ਵੈਰ

ਗੱਲਾਂ ਕਰਕੇ ਕੁਦਰਤ ਦੇ ਨਾਲ
ਕੁਦਰਤ ਨੂੰ ਮੈਂ ਫਿੱਕਾ ਪਾਇਆ
ਸੁਣਕੇ ਤੇਰੇ ਬਦਨ ਦੀ ਖ਼ੁਸ਼ਬੂ
ਫੁੱਲ ਗੁਲਾਬ ਦਾ ਵੀ ਮੁਰਝਾਇਆ

ਸੁਰਖ਼ ਗੱਲਾਂ ਦੀ ਲਾਲੀ ਸੁਣਕੇ
ਸੂਰਜ ਬੱਦਲਾਂ ਵਿੱਚ ਸਮਾਇਆ
ਠੋਡੀ ਵਾਲੇ ਤਿਲ ਦਾ ਸੁਣਕੇ
ਅੰਬਰੋਂ ਤਾਰਾ ਟੁੱਟ ਕੇ ਆਇਆ

ਸੁਣਕੇ ਰੰਗਤ ਅੱਖ ਤੇਰੀ ਦੀ
ਚੰਦਰਮਾ ਨੇ ਹੋਸ਼ ਗਵਾਇਆ
ਸਾਹਾਂ ਵਾਲੀ ਖ਼ੁਸ਼ਬੂ ਸੁਣਕੇ
ਸ਼ੀਤ ਹਵਾ ਨੇ ਰੁੱਖ ਪਲਟਾਇਆ

ਭੌਰਿਆਂ ਦੇ ਨਾਲ ਬਹਿਸ ਹੋਈ,
ਜਦ ਜ਼ਿਕਰ ਤੇਰੇ ਬੁੱਲਾਂ ਦਾ ਆਇਆ

ਸ਼ਹਿਦ ਤੋਂ ਤੈਨੂੰ ਮਿੱਠੀ ਦੱਸ ਕੇ
ਮਧੂਮੱਖੀਆਂ ਨਾਲ ਵੈਰ ਮੈਂ ਪਾਇਆ

֍֍֍֍֍ **ਜਸਕਰਨ ਬੰਗਾ**

**ਇੰਸਟਾਗ੍ਰਾਮ : bangajas07**

## ਪਾਗ਼ਲ

ਉਮਰੋਂ ਵੱਡੇ ਲਾਰੇ ਲਾ ਕੇ
ਬਸ ਤੂੰ ਮੇਰਾ ਜਿਸਮ ਹੰਢਾਇਆ

ਪਿਆਰ ਲਫ਼ਜ਼ ਦਾ ਮਤਲਬ ਯਾਰਾ
ਹਾਲੇ ਤੇਰੀ ਸਮਝ ਨਾ ਆਇਆ

ਦੁੱਗਣੀ ਖ਼ੁਦ ਤੋਂ ਨਫ਼ਰਤ ਕਰਦੀ
ਜਿੰਨਾ ਮੇਰੇ ਕੋਲ ਤੂੰ ਆਇਆ

ਸਾਹਵਾਂ ਉੱਤੇ ਜ਼ੋਰ ਨਾ ਚੱਲਦਾ
ਮਰਨਾ ਤਾਂ ਮੈਂ ਬਾਹਲਾ ਚਾਹਿਆ

ਬਾਹਵਾਂ ਉੱਤੇ ਕੱਟ ਮਾਰ ਕੇ

ਖ਼ੁਦ ਨੂੰ ਖ਼ੁਦ ਹੀ ਮੈਂ ਸਮਝਾਇਆ

ਤੇਰਾ ਪਾਗ਼ਲ ਕਿੱਥੋਂ ਬਣ ਜੂ
ਜਦ "ਪਾਗ਼ਲ" ਖ਼ੁਦ ਦਾ ਬਣ ਨਾ ਪਾਇਆ

🍥🍥🍥🍥🍥 **ਜਸਕਰਨ ਬੰਗਾ**

**ਇੰਸਟਾਗ੍ਰਾਮ : bangajas07**

## ਦੋ ਮੂੰਹਾਂ ਸਮਾਜ

ਲੋਕੀਂ ਏਥੇ ਰਹਿੰਦੇ ਨਿੱਤ ਨਵਾਂ ਚੰਦ ਚਾੜ ਦੇ
ਆਹ ਮੀਡੀਆ ਸਟਾਰ ਲਾਸ਼ਾਂ ਉੱਤੇ ਰੋਟੀਆਂ ਨੂੰ ਰਾੜ ਦੇ
ਬਲਾਤਕਾਰ ਹੋਣ ਉੱਤੇ ਜੋ ਜਗਾਉਣ ਮੋਮਬੱਤੀਆਂ
ਬਲਾਤਕਾਰੀ ਨੂੰ ਸਜ਼ਾ ਹੋਣ ਉੱਤੇ ਉਹੀ ਬੱਸਾਂ ਸਾੜ ਦੇ

ਫਲਾਣੀ ਨੇ ਕਾਹਤੋਂ ਵੀਰ ਨੀ ਕਿਹਾ
ਫਲਾਣੀ ਨੂੰ ਕਾਹਤੋਂ ਦੱਸ ਇਹ ਨਹੀਂਓ ਭੈਣ ਆਖਦੇ
ਜਿਹਨਾਂ ਦੇ ਜਵਾਕਾਂ ਦੀ ਸ਼ਕਲ ਸਾਲੀ ਗੁਆਂਢੀਆਂ ਨਾ ਮਿਲਦੀ
ਉਹ ਵੀ ਏਥੇ ਫਿਰਦੇ ਆ ਲੋਕਾਂ ਦੇ ਘਰਾਂ ਵਿੱਚ ਝਾਕਦੇ

ਠੱਗ ਚੋਰ ਕਰੀ ਜਾਂਦੇ ਕੌਮ ਨੂੰ ਆ ਲੀਡ ਵੀਰਿਆ

ਜਣੇ ਖਣੇ ਨੂੰ ਬਣਾਈ ਜਾਂਦੇ ਨੇ ਸ਼ਹੀਦ ਵੀਰਿਆ
ਜੋ ਰੇਪ ਦੀਆਂ ਖ਼ਬਰਾਂ ਨੂੰ ਸਵਾਦ ਲੈ ਲੈ ਕੇ ਪੜ੍ਹਦੇ
ਉਹਨਾਂ ਕੋਲੋਂ ਇੱਜਤਾਂ ਦੀ ਰੱਖਾਂ ਕੀ ਉਮੀਦ ਵੀਰਿਆ

ਕਿਥੋਂ ਇਨਸਾਫ਼ ਦੀ ਉਮੀਦ ਕਰੇਂਗਾ
ਏਥੇ ਲੀਡਰ ਤੇ ਮੀਡੀਆ ਸਾਰੇ ਵਿਕੇ ਹੋਏ ਨੇ
ਉਹਨਾਂ ਬੱਸਾਂ ਵਿੱਚ ਹੁੰਦੇ ਬਲਾਤਕਾਰ ਏਥੇ ਨੇ,
ਜਿਹਨਾਂ ਉੱਤੇ ਬੇਟੀ ਨੂੰ ਬਚਾਉਣ ਵਾਲੇ ਨਾਹਰੇ ਲਿਖੇ ਹੋਏ ਨੇ

ਸ਼ਾਰਦਾ ਦੀ ਮੌਤ ਤੇ ਮੋਮਬੱਤੀਆਂ ਜਗਾਉਣ ਵਾਲੇ ਕੌਣ ਵੀਰਿਆ
ਫੇਸਬੁੱਕ ਉੱਤੇ ਆਸਿਫਾ ਦੀ ਡੀ ਪੀ ਲਾਉਣ ਵਾਲੇ ਕੌਣ ਵੀਰਿਆ
ਜੇ ਸਾਰੇ ਏਥੇ ਹਮਦਰਦ ਸ਼ਾਰਦਾ ਆਸਿਫਾ ਦੇ
ਦੱਸ ਫੇਰ ਕੇਤੀਆ ਦੇ ਦੋਸ਼ੀ ਨੂੰ ਵੋਟਾਂ ਪਾਉਣ ਵਾਲੇ ਕੌਣ ਵੀਰਿਆ
ਏਥੇ ਸਿਰਫ਼ ਆਪਣੇ ਲਈ ਹੀ ਸੋਚਦਾ ਹਰੇਕ ਵੀਰਿਆ
ਡੀ ਪੀ ਉਤੇ ਫੋਟੋ ਜਿਹਨਾਂ ਮਥੁਰਾ ਦੀ ਲਾਈ
ਖ਼ੁਦ ਅੱਖਾਂ ਨਾਲ ਕਰਦੇ ਆ ਰੇਪ ਵੀਰਿਆ

ਵੀਰੇ ਨਸ਼ਿਆਂ ਚ ਜਾਂਦਾ ਏ ਪੰਜਾਬ ਮਿਟਦਾ
ਲੌਕ ਡਾਊਨ ਵਿੱਚ ਵੀ ਸੀ ਚਿੱਟਾ ਸ਼ਰੇਆਮ ਵਿਕਦਾ
ਜੋ ਦਿੱਲੀ ਧਰਨੇ ਤੇ ਬੈਠੇ ਹੋਏ ਸੀ
ਹੁਣ ਉਹਨਾਂ ਦਾ ਅਡਾਨੀ ਦੇ ਸੈਲਰ ਚ ਕੱਠ ਦਿਸਦਾ
ਦੱਸ ਮੈਨੂੰ ਧਰਨੇ ਚ ਕਿਉਂ ਪੁੱਤਾਂ ਨੂੰ ਮਰਾਇਆ ਵੀਰਿਆ

ਜੇ ਫ਼ਸਲ ਸੀ ਅੰਬਾਨੀ ਅਡਾਨੀਆਂ ਨੂੰ ਹੀ ਵੇਚਣੀ
ਫੇਰ ਦਿੱਲੀ ਜਾ ਕੇ ਧਰਨਾ ਕਾਹਤੋਂ ਸੀਗਾ ਲਾਇਆ ਵੀਰਿਆ ?

֍֍֍֍֍ **ਬੇਅੰਤ ਬਰੀਵਾਲਾ**

**ਇੰਸਟਾਗ੍ਰਾਮ : beantbariwala**

## ਹਕੀਕਤ

ਜੋ ਮੁੱਕ ਜਾਵੇ ਉਹ ਪਿਆਰ ਨਹੀਂ ਹੁੰਦਾ
ਦੋ ਦਿਲਾਂ ਦਾ ਕਦੇ ਵਪਾਰ ਨਹੀਂ ਹੁੰਦਾ

ਯਾਰ ਸਿਵਿਆਂ ਤੱਕ ਨੇ ਨਾਲ ਰਹਿੰਦੇ
ਜੋ ਛੁਰੀ ਪਿੱਠ 'ਤੇ ਮਾਰੇ ਉਹ ਯਾਰ ਨਹੀਂ ਹੁੰਦਾ

ਕੋਈ ਇੱਕ ਦੋ ਹੀ ਹੁੰਦੈ ਦਿਲ ਦਾ ਜਾਣੂ
ਬਹੁਤਿਆਂ 'ਤੇ ਵੀ ਇਤਬਾਰ ਨਹੀਂ ਹੁੰਦਾ

" ਤੇਰੀ ਖ਼ਾਤਰ ਮਰ ਜੂੰ " ਕਹਿਣ ਬਥੇਰੇ

ਪਰ ਮਰਨ ਨੂੰ ਕੋਈ ਤਿਆਰ ਨਹੀਂ ਹੁੰਦਾ

֍֍֍֍֍ **ਨਵਜੀਤ ਰਾਜ**

**ਇੰਸਟਾਗ੍ਰਾਮ : 13_nav.raj**

## ਅੱਖਾਂ ਤੇਰੀਆਂ ਨੂੰ

ਤੇਰੇ ਖ਼ੁਆਬਾਂ ਵਿੱਚ ਹੀ ਰਹਿਨਾ ਆਂ
ਹਰ ਦੂਰੀ ਹੱਸ ਕੇ ਸਹਿਨਾ ਆਂ
ਲੋਕ ਹਰ ਪਲ ਲੈਂਦੇ ਨਾਮ ਰੱਬ ਦਾ
ਮੈਂ ਤੇਰਾ ਨਾਮ ਹੀ ਲੈਨਾ ਆਂ

ਕਿੱਧਰੇ ਵੀ ਜਾਣਾ ਹੋਵੇ
ਤੇਰੇ ਘਰ ਦੇ ਰਾਹੇ ਪੈਨਾ ਆਂ
ਤੈਨੂੰ ਪਾਉਣ ਲਈ ਨਿੱਤ ਲੜਦਾ ਆਂ
ਉਸ ਰੱਬ ਦੇ ਨਾਲ ਵੀ ਖਹਿਨਾ ਆਂ

ਤੇਰੇ ਨਾਲ ਹੀ ਜਿੰਦ ਬਿਤਾਉਣੀ ਏ
ਇੱਕ ਦੁਨੀਆ ਨਵੀਂ ਵਸਾਉਣੀ ਏ
ਵੇਚ ਕੇ ਖ਼ੁਦ ਨੂੰ ਤੇਰੀ ਖ਼ਾਤਰ
ਮੈਂ ਹਰ ਖੁਸ਼ੀ ਖਰੀਦ ਲਿਆਉਣੀ ਏ

ਸਾਡੀ ਵੱਖਰੀ ਹੋਣੀ ਕਹਾਣੀ ਏ
ਮੈਂ ਰਾਜਾ ਤੇ ਤੂੰ ਰਾਣੀ ਏ
ਨਾਲ ਨਾਲ ਸਦਾ ਚੱਲਣਾ ਏ
ਮੈਂ ਕੰਢਾ ਤੇ ਤੂੰ ਪਾਣੀ ਏ

ਤੇਰੇ ਨੈਣੀਂ ਨੀਰ ਨਾ ਵੱਗਣ ਦਿਊਂ
ਤੈਨੂੰ ਤੱਤੀ 'ਵਾ ਨਾ ਲੱਗਣ ਦਿਊਂ
ਉਂਝ ਚਲਾਕ ਬੜਾ ਏ " ਨਵ " ਤੇਰਾ
ਪਰ ਅੱਖਾਂ ਤੇਰੀਆਂ ਨੂੰ ਠੱਗਣ ਦਿਊਂ

**ਨਵਜੀਤ ਰਾਜ**

**ਇੰਸਟਾਗ੍ਰਾਮ : 13_nav.raj**

## ਸੁਪਨੇ

ਸੁਪਨੇ ਸਾਰੇ ਖ਼ਾਕ ਹੋ ਗਏ
ਵਿੱਚ ਤਪਦੇ ਹੋਏ ਅੰਗਿਆਰਾਂ ਦੇ
ਸੁੱਖ ਚੈਨ ਸਭ ਹੱਥੇ ਚੜ੍ਹ ਗਏ
ਵਖਤ ਵਾਲੀਆਂ ਮਾਰਾਂ ਦੇ

ਮਾੜੀ ਕਿਸਮਤ ਹੱਥੋਂ ਹਰਕੇ
ਇੱਜ਼ਤ ਵਾਲਾ ਸੌਦਾ ਕਰਕੇ
ਜਿਸਮ ਵੇਚ ਕੇ ਢਿੱਡ ਭਰਦੀਆਂ
ਧੀਆਂ ਵੇਖੀਆਂ ਵਿੱਚ ਬਾਜ਼ਾਰਾਂ ਦੇ

ਲੱਗੇ ਨਾੜ ਚ ਟੀਕੇ ਰਹਿ ਗਏ
ਮਾਪੇ ਲਾਸ਼ ਤੇ ਵਿਲਕ ਕੇ ਬਹਿ ਗਏ
ਬਾਹਾਂ ਵਿੱਚੋਂ ਚੂੜੇ ਲਹਿ ਗਏ
ਨਵ ਵਿਆਹੀਆਂ ਨਾਰਾਂ ਦੇ

ਮਾਂ ਤੇ ਬਾਹਲਾ ਰੂਪ ਸੀ ਚੜ੍ਹਿਆ
ਜਦ ਪੇਕਿਓਂ ਸਹੁਰੇ ਆਈ ਸੀ
ਚਿਹਰੇ ਵਾਲਾ ਨੂਰ ਢਲ ਗਿਆ
ਵਿੱਚ ਘਰ ਦੇ ਕੰਮਾਂ ਕਾਰਾਂ ਦੇ

ਸਾਰੀ ਉਮਰੇ ਘੱਟਾ ਢੋਹ ਕੇ
ਬੋਲੀ ਲੱਗੇ ਖੇਤ ਚ ਰੋ ਕੇ
ਪੁਤਲੇ ਫੂਕਦਾ ਬਾਪੂ ਤੁਰ ਗਿਆ
ਇਹਨਾ ਗੰਦੀਆਂ ਸਰਕਾਰਾਂ ਦੇ

֍֍֍֍֍ **ਕਰੇਜ਼ੀ ਰਾਇਟਰ**

**ਇੰਸਟਾਗ੍ਰਾਮ : crazy_writer05**

# ਚਾਹ ਦਾ ਪਿਆਲਾ

ਅਸੀਂ ਲੋਕਾਂ ਸਾਹਮਣੇ ਦੱਸੀਏ ਨਾ
ਰੁਤਬਾ ਨਾ ਇਸ਼ਕ ਦਾ ਖੋ ਜਾਵੇ

ਮੇਰੀ ਜ਼ਿੰਦਗੀ ਜੰਨਤ ਬਣ ਜਾਣੀ
ਜੇ ਖ਼ਿਆਲ ਹਕੀਕਤ ਹੋ ਜਾਵੇ

ਤੁਹਾਡੇ ਦਰਸ਼ਨ ਸ਼ੀਤ ਹਵਾ ਵਰਗੇ

ਜਿਵੇਂ ਸਾਲ ਬਾਅਦ ਕਦੇ ਪੋਹ ਆਵੇ

ਤੁਹਾਡੀ ਵੱਡਿਆਂ ਦੇ ਨਾਲ ਬਣਦੀ ਹੈ
ਹੁਣ ਸਾਡਾ ਕਿੱਥੋਂ ਮੋਹ ਆਵੇ

ਕਿਤੇ ਸਾਡੇ ਨਾਲ਼ ਵੀ ਬਹਿ ਯਾਰਾ
ਇੱਕ ਚਾਹ ਦਾ ਪਿਆਲਾ ਹੋ ਜਾਵੇ

**ਲੱਕੀ**

**ਇੰਸਟਾਗ੍ਰਾਮ : lucky_official._**

## ਖ਼ੁਸ਼ੀਆਂ ਗਮੀਆਂ

ਅਸੀਂ ਵਿਹਲੇ ਬਹਿ ਕਿ ਲਿਖ ਲਈ ਦਾ
ਕਦੇ ਖੁਸ਼ੀਆਂ ਨੂੰ ਕਦੇ ਗਮੀਆਂ ਨੂੰ
ਕਦੇ ਇਸ਼ਕ ਤੇਰੇ ਦੀਆਂ ਕਮੀਆਂ ਨੂੰ
ਕਦੇ ਰੂਹ ਦੀਆਂ ਪੀੜ੍ਹਾਂ ਰਮੀਆਂ ਨੂੰ

ਕਦੇ ਝੂਠੇ ਦਿੱਤੇ ਦਿਲਾਸਿਆਂ ਨੂੰ

ਕਦੇ ਜਾਅਲੀ ਨਕਲੀ ਹਾਸਿਆਂ ਨੂੰ
ਪਏ ਭੀਖ ਸਕੂਨ ਦੀ ਮੰਗਦੇ ਹਾਂ
ਹੱਥ ਦੇ ਵਿੱਚ ਫੜ੍ਹ ਕੇ ਕਾਸਿਆਂ ਨੂੰ

ਅਸੀਂ ਕਿੰਨੇ ਹੰਝੂ ਕਤਲ ਕਰੇ
ਕਦੇ ਪੁੱਛ ਅੱਖਾਂ ਦੀਆਂ ਨਮੀਆਂ ਨੂੰ
ਅਸੀਂ ਵਿਹਲੇ ਬਹਿ ਕਿ ਲਿਖ ਲਈ ਦਾ
ਕਦੇ ਖੁਸ਼ੀਆਂ ਨੂੰ ਕਦੇ ਗਮੀਆਂ ਨੂੰ

**ਲੱਕੀ**

**ਇੰਸਟਾਗ੍ਰਾਮ : lucky_official._**

## ਧੰਨਵਾਦ ਤੇਰਾ

ਧੰਨਵਾਦ ਤੇਰਾ ਤੂੰ ਮੈਨੂੰ ਸ਼ਾਇਰ ਬਣਾਇਆ
ਦੇਖ ਅੱਜ ਮੁੱਲ ਪੈ ਰਿਹਾ
ਤੇਰੀਆਂ ਦਿੱਤੀਆਂ ਬੇਵਫਾਈਆਂ ਦਾ,

ਤੇਰੇ ਲਈ ਚੰਨ ਤਾਰਿਆਂ ਨਾਲ ਗੱਲਾਂ ਕਰਨਾ

ਫ਼ਿਰ ਉਹਨਾਂ ਦੀ ਖ਼ੂਬਸੂਰਤੀ ਨੂੰ ਕਲਮ ਚ ਭਰਨਾ
ਹਰ ਪਲ ਸੋਚਦੇ ਰਹਿਣਾ ਤੈਨੂੰ ਖ਼ੁਸ਼ ਰੱਖਣ ਲਈ
ਸਾਨੂੰ ਕਿਵੇਂ ਭੁੱਲ ਸਕਦਾ ਤੇਰਿਆਂ ਰਾਹਾਂ ਚ ਖੜਨਾ,

ਜਦ ਤੂੰ ਹੀ ਨਹੀਂ ਕੋਲ ਸਾਡੇ ਅਸੀਂ ਕੀ ਕਰਨਾ
ਹੁਣ ਇਹੋ ਜਿਹੀਆਂ ਕਮਾਈਆਂ ਦਾ,
ਧੰਨਵਾਦ ਤੇਰਾ ਤੂੰ ਮੈਨੂੰ ਸ਼ਾਇਰ ਬਣਾਇਆ
ਦੇਖ ਅੱਜ ਮੁੱਲ ਪੈ ਰਿਹਾ
ਤੇਰੀਆਂ ਦਿੱਤੀਆਂ ਬੇਵਫਾਈਆਂ ਦਾ,

ਕਦੇ ਲਿਖਦੇ ਹੁੰਦੇ ਅਸੀਂ ਤੇਰੀ ਸਾਦਗੀ ਬਾਰੇ ,
ਹੁਣ ਤੇ ਸਾਨੂੰ ਖ਼ੁਸ਼ੀ ਮਿਲ ਜਾਂਦੀ ਨਦੀ ਕਿਨਾਰੇ,
ਅਸੀਂ ਭੋਲ਼ੇ ਸਮਝ ਨਾ ਪਾਏ ਤੇਰੀਆਂ ਖੇਡਾਂ ਨੂੰ
ਹੁਣ ਜੀਅ ਰਹੇ ਆਂ ਤੇਰੀ ਇਹ ਬੇਵਫਾਈ ਦੇ ਸਹਾਰੇ,

ਤੂੰ ਚਲਾਕ ਨਿਕਲੀ ਪਰ ਸੱਚ ਤਾਂ ਇਹ ਹੈ
ਰਾਜ ਖੁੱਲ੍ਹ ਹੀ ਜਾਂਦਾ ਗੱਲਾਂ ਛੁਪਾਈਆਂ ਦਾ,
ਧੰਨਵਾਦ ਤੇਰਾ ਤੂੰ ਮੈਨੂੰ ਸ਼ਾਇਰ ਬਣਾਇਆ
ਦੇਖ ਅੱਜ ਮੁੱਲ ਪੈ ਰਿਹਾ
ਤੇਰੀਆਂ ਦਿੱਤੀਆਂ ਬੇਵਫਾਈਆਂ ਦਾ,

**ਲਵਲੀ**

**ਪਠਲਾਵਾ**

**ਇੰਸਟਾਗ੍ਰਾਮ : lovelypathlawa**

# ਕੀ ਸੋਚਦੇ ਹੋਣਗੇ ਉਹ

ਕਿੰਨਾ ਸੁੰਦਰ ਨਕਸ਼ਾ ਮੇਰੇ ਭਾਰਤ ਦਾ
ਤਿਰੰਗਾ ਇੱਥੇ ਦਿਨ ਰਾਤ ਝੁੱਲੇ ,

ਕਿੰਨੇ ਸੂਰਬੀਰਾਂ ਯੋਧਿਆਂ ਦੀਆਂ ਕੁਰਬਾਨੀਆਂ ਕਰਕੇ
ਮਾਣ ਰਹੇ ਆਂ ਅਸੀਂ ਅਜ਼ਾਦੀ ਦੇ ਬੁੱਲੇ ,
ਕੀ ਸੋਚਦੇ ਹੋਣਗੇ ਉਹ
ਕਿ ਇਹ ਹੈ ਮੇਰਾ ਦੇਸ਼
ਜਿਸ ਲਈ ਦਿੱਤਾ ਮੈਂ ਸਭ ਕੁਝ ਵਾਰ,
ਨਾ ਔਰਤ ਦੀ ਇੱਜ਼ਤ ਇੱਥੇ , ਨਾ ਇਮਾਨਦਾਰੀ ਇੱਥੇ
ਘਪਲਿਆਂ ਨਾਲ਼ ਫੈਲ ਗਿਆ ਭ੍ਰਿਸ਼ਟਾਚਾਰ

ਸਭ ਆਪਣੀਆਂ ਜੇਬਾਂ ਭਰਨ ਲੱਗੇ ਨੇ
ਦੂਜਿਆਂ ਨੂੰ ਲੁੱਟ ਲੁੱਟ ਕੇ,
ਦੇਖੋ ਕਿਵੇਂ ਅੱਤਵਾਦੀ ਦੇਸ਼ ਦੀਆਂ ਜੜ੍ਹਾਂ ਪੁੱਟ ਰਹੇ ਨੇ
ਨੌਜਵਾਨਾਂ ਅੱਗੇ ਨਸ਼ਾ ਸੁੱਟ ਸੁੱਟ ਕੇ,

ਕਿੱਥੋਂ ਇਹ ਦੇਸ਼ ਨੂੰ ਸੰਭਾਲਣਗੇ
ਜੋ ਖ਼ੁਦ ਹੀ ਬਣ ਰਹੇ ਸ਼ਿਕਾਰ,
ਨਾ ਔਰਤ ਦੀ ਇੱਜ਼ਤ ਇੱਥੇ , ਨਾ ਇਮਾਨਦਾਰੀ ਇੱਥੇ
ਘਪਲਿਆਂ ਨਾਲ਼ ਫੈਲ ਗਿਆ ਭ੍ਰਿਸ਼ਟਾਚਾਰ

ਰਿਸ਼ਵਤਖੋਰੀ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ
ਕੌਣ ਯਾਦ ਰੱਖਦਾ ਇਮਾਨਦਾਰੀ ਨੂੰ
ਸੂਟ-ਬੂਟ ਪਾ ਕੇ ਦੇਸ਼ ਨੂੰ ਖੋਖਲਾ ਕਰਦੇ

ਕਲੰਕ ਕਹਿੰਦੇ ਆਂ ਫਿਰ ਭਿਖਾਰੀ ਨੂੰ

ਜਦ ਕਾਨੂੰਨ ਦੀ ਹੀ ਪ੍ਰਵਾਹ ਨਹੀਂ ਕਰਦਾ ਕੋਈ
ਫਿਰ ਕਿਵੇਂ ਹੋਵੇਗਾ ਇੱਥੇ ਸੁਧਾਰ,
ਨਾ ਔਰਤ ਦੀ ਇੱਜ਼ਤ ਇੱਥੇ , ਨਾ ਇਮਾਨਦਾਰੀ ਇੱਥੇ
ਘਪਲਿਆਂ ਨਾਲ਼ ਫੈਲ ਗਿਆ ਭ੍ਰਿਸ਼ਟਾਚਾਰ

ਜਿਹੜੀ ਇੱਜ਼ਤ ਨੂੰ ਸਭ ਤੋਂ ਵੱਧ ਸਨਮਾਨ ਮਿਲਦਾ
ਉਹੀ ਇੱਜ਼ਤ ਇੱਥੇ ਨਿੱਤ ਰੁਲਦੀ
ਝੂਠ ਸੱਚ ਬਣ ਜਾਂਦਾ, ਸੱਚ ਝੂਠ ਬਣ ਜਾਂਦਾ
ਹਰ ਇੱਕ ਚੀਜ਼ ਇੱਥੇ ਹੋ ਗਈ ਮੁੱਲ ਦੀ

ਕਿਵੇਂ ਇਹ ਦੇਸ਼ ਤਰੱਕੀ ਕਰੇਗਾ
ਜਦ ਸ਼ੈਤਾਨ ਬੈਠੇ ਇੱਥੇ ਪੈਰ ਪਸਾਰ
ਨਾ ਔਰਤ ਦੀ ਇੱਜ਼ਤ ਇੱਥੇ , ਇਮਾਨਦਾਰੀ ਇੱਥੇ
ਘਪਲਿਆਂ ਨਾਲ਼ ਫੈਲ ਗਿਆ ਭ੍ਰਿਸ਼ਟਾਚਾਰ

ਅਜ਼ਾਦੀ ਤੋਂ ਪਹਿਲਾਂ ਅਸੀਂ ਕੀ ਸੀ ?
ਕੌਣ ਲੜਿਆ ? ਕੌਣ ਮਰਿਆ ?
ਅੱਜ ਕਿਸੇ ਨੂੰ ਨਹੀਂ ਕੁਝ ਵੀ ਯਾਦ ,

ਕਿੰਨੇ ਸ਼ਹੀਦਾਂ ਨਾਲ਼ ਮਿਲੀ ਸੀ ਅਜ਼ਾਦੀ
ਅੱਜ ਹੋ ਰਿਹਾ ਸਭ ਕੁਝ ਬਰਬਾਦ,

ਅੱਜ ਕਹਿ ਕੇ ਦੇਖ ਲਵੋ ਕਿਸੇ ਨੂੰ ਬਲੀਦਾਨ ਲਈ
ਕੋਈ ਹੋਵੇਗਾ ਨਹੀਂ ਤਿਆਰ,
ਨਾ ਔਰਤ ਦੀ ਇੱਜ਼ਤ ਇੱਥੇ , ਇਮਾਨਦਾਰੀ ਇੱਥੇ
ਘਪਲਿਆਂ ਨਾਲ਼ ਫੈਲ ਗਿਆ ਭ੍ਰਿਸ਼ਟਾਚਾਰ

**ਲਵਲੀ ਪਠਲਾਵਾ**

**ਇੰਸਟਾਗ੍ਰਾਮ : lovelypathlawa**

**ਚੰਗਾ ਲੱਗਦਾ ਏ**

ਇੱਕ ਟੱਕ ਮੇਰੇ ਵੱਲ ਨੂੰ ਤੱਕਣਾ ਚੰਗਾ ਲੱਗਦਾ ਏ
ਹਾਂਜੀ..! ਮੈਨੂੰ ਓਹਦਾ ਹੱਸਣਾ ਚੰਗਾ ਲੱਗਦਾ ਏ

ਖ਼ੁਦ ਤੋਂ ਵੱਧਕੇ ਫ਼ਿਕਰ ਕਰੇ ਉਹ
ਮਹਿਫ਼ਿਲ ਦੇ ਵਿੱਚ ਜ਼ਿਕਰ ਕਰੇ ਉਹ
ਮੇਰਾ ਚੰਗਾ ਮਾੜਾ ਦੱਸਣਾ ਚੰਗਾ ਲੱਗਦਾ ਏ
ਹਾਂਜੀ..! ਮੈਨੂੰ ਓਹਦਾ ਹੱਸਣਾ ਚੰਗਾ ਲੱਗਦਾ ਏ

ਹੱਥ ਫ਼ੜ ਓਹਦਾ ਭੀੜ ਚ ਘੁੰਮਣਾ
ਗਲ਼ ਨਾਲ ਲਾਕੇ ਮੱਥਾ ਚੁੰਮਣਾ
ਓਹਦਾ ਮੇਰੀ ਰੂਹ ਵਿੱਚ ਵੱਸਣਾ ਚੰਗਾ ਲੱਗਦਾ ਏ
ਹਾਂਜੀ..! ਮੈਨੂੰ ਓਹਦਾ ਹੱਸਣਾ ਚੰਗਾ ਲੱਗਦਾ ਏ

ਮੈਨੂੰ ਹਰ ਇੱਕ ਗੱਲ ਸਮਝਾਉਣਾ
ਰੋਂਦੀ ਹੋਈ ਨੂੰ ਚੁੱਪ ਕਰਵਾਉਣਾ
ਮੈਨੂੰ ਬੱਚਿਆਂ ਵਾਂਗਰ ਰੱਖਣਾ ਚੰਗਾ ਲੱਗਦਾ ਏ
ਹਾਂਜੀ..! ਮੈਨੂੰ ਓਹਦਾ ਹੱਸਣਾ ਚੰਗਾ ਲੱਗਦਾ ਏ

**ਰਬਾਬਪ੍ਰੀਤ ਕੌਰ**

**ਇੰਸਟਾਗ੍ਰਾਮ : rababpreet7**

# ਕਾਸ਼

ਸ਼ੌਂਕੀ ਹੋਵੇ ਪੜਨੇ ਦਾ ਜੋ
ਕੁਦਰਤ ਦੇ ਜੋ ਨੇੜੇ ਹੋਵੇ

ਨਾਲ ਰਹੇ ਜਿਹੜਾ ਹਵਾ ਦੇ ਵਾਂਗੂੰ
ਕੋਲ ਜੋ ਸ਼ਾਮ ਸਵੇਰੇ ਹੋਵੇ

ਮੋਹ ਹੋਵੇ ਜਿਹਦਾ ਖੇਤਾਂ ਦੇ ਨਾਲ
ਪਿੰਡਾ ਖੂਹਾਂ ਫ਼ਸਲਾਂ ਦੇ ਨਾਲ

ਜੁੜ ਜਾਵੇ ਜੋ ਧੁਰ ਅੰਦਰ ਤੱਕ
ਰੂਹ ਮੇਰੀ ਦੇ ਨੇੜੇ ਹੋਵੇ

ਜਿਹੜਾ ਰੂਹ ਨੂੰ ਟੱਚ ਕਰ ਜਾਵੇ
ਲਿਖੇ ਰਾਜ ਦੇ ਗੀਤ ਦੇ ਵਰਗਾ

ਕਾਸ਼ ਕੋਈ ਮਿਲ ਜਾਵੇ ਮੈਨੂੰ
ਬੁੱਲੇ ਦੇ ਸੰਗੀਤ ਦੇ ਵਰਗਾ

**ਰਜਵਿੰਦਰ ਕੌਰ**

ਇੰਸਟਾਗ੍ਰਾਮ : kaur_rajwinder 104

# ਪੱਥਰ ਦਿਲ ਕੁੜੀ

ਉਹ ਗੁਲਦਸਤਾ ਬਣਾਉਂਦੇ ਰਹੇ ਮੇਰੇ ਲਈ
ਉਹਨਾਂ ਨੇ ਹਜ਼ਾਰਾਂ ਹੀ ਗੁਲਾਬ ਤਬਾਹ ਕਰਤੇ

ਉਹ ਵਧਾਉਂਦੇ ਰਹੇ  ਮੇਰੇ ਵੱਲ ਹੱਥ ਦੋਸਤੀ ਦਾ
ਮੇਰੀ ਮਜ਼ਬੂਰੀ ਨੇ ਹੀ ਹੱਥ ਪਿਛਾਂਹ ਕਰਤੇ

ਚੱਲ ਸਕਦੇ ਸੀ ਇਕੱਠੇ ਪੈਂਡਾ ਜ਼ਿੰਦਗੀ ਦਾ
ਮੇਰੀ ਤੇਜ਼ ਚਾਲ ਨੇ ਹੀ ਪੈਰ ਅਗਾਂਹ ਕਰਤੇ

ਬਣ ਤਾਂ ਸਕਦੇ ਸੀ ਇਕ ਮੰਜ਼ਿਲ ਦੇ ਰਾਹੀ
ਪਰ ਮੇਰੀ ਜ਼ਿਦ ਨੇ ਵੱਖਰੇ ਸਾਡੇ ਰਾਹ ਕਰਤੇ

ਉਹ ਅਕਸਰ ਕਹਿੰਦੇ ਸੀ ਤੂੰ ਪੱਥਰ ਦਿਲ ਕੁੜੀ ਐ
ਮੇਰੇ ਪੱਥਰ ਦਿਲ ਨੇ ਉਹਦੇ ਸੁਪਨੇ ਸਵਾਹ ਕਰਤੇ

ਰਜਵਿੰਦਰ ਕੌਰ

ਇੰਸਟਾਗ੍ਰਾਮ : kaur_rajwinder 104

# ਧਰਮ ਬਚਾਈਏ

ਆ ਜਾਉ ਆ ਜਾਉ ਧਰਮ ਬਚਾਈਏ
ਚੰਗਾ ਕੋਈ ਕਰਮ ਕਮਾਈਏ
ਡਾਂਗਾਂ ਤੇ ਕਿਰਪਾਨਾਂ ਚੁੱਕੋ
ਛੱਲੀਆਂ ਵਾਂਗਰ ਬੰਦੇ ਕੁੱਟੋ
ਆ ਜਾਉ ਨਵੇਂ ਅਸੂਲ ਬਣਾਈਏ
ਫੜ ਫੜ ਸਭ ਦੇ ਗਾਟੇ ਲਾਹੀਏ
ਆ ਜਾਉ ਆ ਜਾਉ ਧਰਮ ਬਚਾਈਏ

ਪਿਆਰ ਨਾਲ ਨਾ ਇਹਨੂੰ ਪੁੱਛੋ
ਇਹਦੇ ਚਾਰ ਲਫੇੜੇ ਸੁੱਟੋ
ਰੱਸਾ ਇਹਦੇ ਗਲ਼ ਵਿੱਚ ਪਾਈਏ
ਵਿੱਚ ਚੌਰਾਹੇ ਦੇ ਲਟਕਾਈਏ
ਆ ਜਾਉ ਆ ਜਾਉ ਧਰਮ ਬਚਾਈਏ

ਫ਼ਰੀਦ ਸਾਹਬ ਦੀ ਗੱਲ ਨੂੰ ਛੱਡੋ
ਅੱਜ ਦੇ ਮੋਮਨ ਪਿੱਛੇ ਲੱਗੋ

ਜਿਹੜਾ ਮੁੱਕੀਆਂ ਮਾਰੇ ਉਹਦੇ
ਥੱਪੜ ਪੰਜ ਸੱਤ ਨਾਲੇ ਛੱਡੋ
ਰਹਿਮ ਨਹੀਂ ਕਰਨਾ ਅਣਖ਼ ਦਿਖਾਉਣੀ
ਅਣਖ਼ ਦਿਖਾਉਣੀ ਅਣਖ਼ ਜਗਾਉਣੀ
ਅਣਖ਼ ਜਗਾਉਣੀ ?
ਮੰਗੇ ਮੁਆਫ਼ੀ ਫੇਰ ਵੀ ਉਹਦੀ
ਫੇਰ ਵੀ ਉਹਦੀ ਤਾਉਣੀ ਲਾਉਣੀ

ਕੁੱਟ ਮਾਰ ਨਾਲ ਜੀਅ ਨਹੀਂ ਭਰਦਾ
ਸੰਤ ਦਾ ਮਾਰੇ ਬਿਨ ਨਹੀਂ ਸਰਦਾ
ਮਹਾਰਾਜ ਦੇ ਹੁਕਮ ਤੋਂ ਪਹਿਲਾਂ
ਬੰਦਾ ਸਾਹਮਣੇ ਮਾਰ ਮੁਕਾਈਏ
ਆ ਜਾਉ ਆ ਜਾਉ ਧਰਮ ਬਚਾਈਏ
ਚੰਗਾ ਕੋਈ ਕਰਮ ਕਮਾਈਏ

**ਕਮਲ ਲਧਾਣਾ**

**ਇੰਸਟਾਗ੍ਰਾਮ : ralhkamaljit**

# ਉਡੀਕ

ਉਹਨੂੰ ਮੇਰੀ ਉਡੀਕ ਸੀ
ਮੈਨੂੰ ਉਹਦੀ ਉਡੀਕ ਸੀ
ਉਂਝ ਗੁਫ਼ਤਗੂ ਤਾਂ ਰੋਜ ਸੀ
ਪਰ ਅੱਜ ਹੁੰਦੀ ਉਡੀਕ ਸੀ

ਲੱਗਿਆ ਸੀ ਮਸ਼ਰੂਫ ਹੈ
ਉਹ ਸੀਰਤਾਂ ਦਾ ਰੂਪ ਹੈ
ਰਿਸ਼ਤਾ ਮੇਰਾ ਬੰਧਨ ਬਣ
ਉਸ ਆਜਾਦੀ ਨੂੰ ਨਾ ਖੋ ਲਵੇ
ਇਨਾਂ ਸੋਚਾਂ ਵਿੱਚ ਲੰਘ ਚੱਲੀ
ਅੱਜ ਉੱਨੀ ਤਰੀਕ ਸੀ
ਉਂਝ ਗੁਫ਼ਤਗੂ ਤਾਂ ਰੋਜ ਸੀ
ਪਰ ਅੱਜ ਹੁੰਦੀ ਉਡੀਕ ਸੀ

ਪਿਆਰ ਭਰੀ ਤਾਲ ਵਾਲਾ
ਇਸ਼ਕੇ ਦੇ ਜਾਲ ਵਾਲਾ
ਅੱਕ ਗੀਤ ਸੀ ਮੈਂ ਭੇਜਿਆ
ਬੂਹਾ ਅੱਗੋਂ ਖੁੱਲ੍ਹਿਆ ਤੇ
ਰਸਮੀਂ ਸਵਾਲ ਹੋਏ ਪਰ
ਪਹਿਲਾਂ ਜਹੇ ਹਾਸੇ ਉਹਦੇ
ਲੱਗੇ ਨਾ ਕਮਾਲ ਜਿਹੇ

ਉਹਦੇ ਹਾਸਿਆਂ ਚੋਂ ਰੋਸਿਆਂ ਦੀ
ਮੈਂ ਲਿੱਪੀ ਪੜ੍ਹ ਲਈ ਬਰੀਕ ਸੀ
ਉਂਞ ਗੁਫ਼ਤਗੂ ਤਾਂ ਰੋਜ਼ ਸੀ
ਪਰ ਅੱਜ ਹੁੰਦੀ ਉਡੀਕ ਸੀ

ਉਹਦੇ ਸਬਰ ਨੂੰ ਦੇਖ
ਮੈਂ ਕਬਰ ਸੀ ਹੋ ਗਿਆ
ਮੈਨੂੰ ਲੱਗੇ ਜਿਵੇਂ ਮੇਰੇ ਕੋਲੋਂ
ਕੋਈ ਜਬਰ ਸੀ ਹੋ ਗਿਆ
ਮੈਥੋਂ ਜਾਣੇ ਅਣਜਾਣੇ ਮੇਰਾ
ਰੁੱਸਿਆ ਰਫ਼ੀਕ ਸੀ
ਉਂਞ ਗੁਫ਼ਤਗੂ ਤਾਂ ਰੋਜ ਸੀ
ਪਰ ਅੱਜ ਹੁੰਦੀ ਉਡੀਕ ਸੀ

ਮੈਂ ਆਖਿਆ ਕੇ ਮਾਫ਼ ਕਰੀਂ
ਦੇਰ ਅੱਜ ਹੋ ਗਈ
ਗੁਸਤਾਖੀ ਇੱਕ ਮੇਰੇ ਕੋਲੋਂ
ਫੇਰ ਅੱਜ ਹੋ ਗਈ
ਪਰ ਦੇਰ ਮੇਰੀ ਵਿੱਚ ਯਾਰਾ
ਤੇਰੇ ਆਣ ਦੀ ਉਡੀਕ ਸੀ
ਉਂਞ ਗੁਫ਼ਤਗੂ ਤਾਂ ਰੋਜ ਸੀ
ਪਰ ਅੱਜ ਹੁੰਦੀ ਉਡੀਕ ਸੀ

**ਕਮਲ ਲਧਾਣਾ**

**ਇੰਸਟਾਗ੍ਰਾਮ : ralhkamaljit**

# ਮੇਰੇ ਗੀਤ

ਮੈਂ ਲਿਖੇ ਗੀਤ ਦਰਦ ਘਟਾਉਣ ਲਈ
ਮੇਰੇ ਰੋਵਣ ਨੈਣ ਤੈਨੂੰ ਪਾਉਣ ਲਈ
ਤੂੰ ਦੂਰ ਹੋਈ ਟੁੱਟੀ ਪਤੰਗ ਵਾਂਗਰਾਂ
ਖਾਬ ਟੁੱਟੇ ਸਾਰੇ ਤੇਰੀ ਵਾਂਗ ਵਾਂਗਰਾਂ
ਚੱਲਦਿਆਂ ਹਵਾਵਾਂ ਮੈਨੂੰ ਸਤਾਉਣ ਲਈ
ਮੈਂ ਲਿਖੇ ਗੀਤ ਦਰਦ ਘਟਾਉਣ ਲਈ

ਮੈਂ ਕੀਤੀਆਂ ਨੇ ਕੋਸ਼ਿਸ਼ਾਂ ਤਕਦੀਰ ਨੂੰ ਮਨਾਉਣ ਦੀਆਂ
ਕਰ ਕੋਈ ਗੱਲਾਂ ਮੇਰੇ ਪੀਰ ਨੂੰ ਮਨਾਉਣ ਦੀਆਂ
ਵੇਖਾਂ ਤਸਵੀਰ ਤੇਰੀ ਯਾਦ ਵਿੱਚ ਸਾਉਣ ਲਈ
ਮੈਂ ਲਿਖੇ ਗੀਤ ਦਰਦ ਘਟਾਉਣ ਲਈ

ਐਵੇਂ ਥੋੜਾ ਨਿਭਦੇ ਪਿਆਰ
ਮੇਰੇ ਪੈਂਦੀਆਂ ਨੇ ਚੀਸਾਂ ਤੇਰਾ ਕਰ ਕਰ ਇੰਤਜਾਰ
ਕੋਈ ਕਰ ਗੱਲ ਨੇੜੇ ਆਉਣ ਲਈ
ਮੈਂ ਲਿਖੇ ਗੀਤ ਦਰਦ ਘਟਾਉਣ ਲਈ

ਹਿੱਕ ਨਾਲ ਲੱਗ ਕੇ ਸੁਣ ਲੈ ਤੇਰੇ ਨਾਂ ਦੇ ਬੋਲਦੇ ਬੋਲ
ਪਰਦੇਸਾਂ ਦੇ ਵਿੱਚ ਰਹਿੰਦੇ ਸੱਜਣਾ ਦਸ ਕਦ ਆਨੇ ਹੈ ਮੇਰੇ ਕੋਲ

ਥੱਕ ਗਏ ਕਰ ਕੇ ਉਡੀਕਾਂ ਹੁਣ ਕਹਿ ਕਾਵਾਂ ਨੂੰ ਗਾਉਣ ਲਈ
ਮੈਂ ਲਿਖੇ ਗੀਤ ਦਰਦ ਘਟਾਉਣ ਲਈ

֍֍֍֍֍ **ਪੈਰੀ ਜੋਸਨ**

**ਇੰਸਟਾਗ੍ਰਾਮ : iamparulkamboz**

## ਰਿਸ਼ਮਾਂ

ਪੂਰਬ ' ਚੋਂ ਉੱਗੀਆਂ ਨੇ
ਵਿਹੜਾ ਰੁਸ਼ਨਾਇਆ ਏ
ਪੱਛਮ ਦੇ ਜਾਇਆਂ ਨੇ
ਅੰਬਰ ਚਮਕਾਇਆ ਏ।

ਬੱਦਲਾਂ ਘੂਰੀ ਵੱਟੀ ਏ
ਕੋਇਲਾਂ ਰੌਲ਼ਾ ਪਾਇਆ ਏ
ਰੁੱਖਾਂ ਨਾਲ ਮਿਲਕੇ ਪੌਣਾਂ
ਗੀਤ ਸੁੱਚੜਾ ਗਾਇਆ ਏ।

ਫੁੱਲ ਖਿਲੇ ਵਿੱਚ ਜੰਗਲ਼ੀ
ਭੌਰਿਆਂ ਡੇਰਾ ਲਾਇਆ ਏ
ਚਸ਼ਮਾਂ ਫੁੱਟਕੇ ਪ੍ਰੇਮ ਦਾ

ਕੱਲਰਾਂ ਕੋਲ਼ੇ ਆਇਆ ਏ।

ਨੈਣਾਂ ਦੇ ਬੂਹੇ ਵੱਤਰ ਹੋਏ
ਹੋਠਾਂ ਮੁਸਕਰਾਇਆ ਏ
ਰੂਹਾਂ ਨਾਲ ਰੂਹਾਂ ਮਿਲੀਆਂ
ਬਦਨ ਮਹਿਕਾਇਆ ਏ।

ਰਿਸ਼ਮਾਂ ਅੰਬਰੋਂ ਛੇੜ ਛੇੜੀ
ਸਾਗਰ ਭਰ ਆਇਆ ਏ
ਅੰਬਰ ਧਰਤੀ ਮੇਲ ਹੋਇਆ
ਘੁੱਟ ਕਲੇਜੇ ਲਾਇਆ ਏ

**ਬਲਕਰਨਵੀਰ ਸਿੰਘ**

**ਈਮੇਲ : singhbalkarn@gmail.com**

# ਕਦੋਂ ਤੀਕ

ਮੱਚਦੇ ਭਾਂਬੜ ਉਮੀਦਾਂ ਕਦੋਂ ਤੀਕ ਸਾੜਨਗੇ।
ਰੌਸ਼ਨੀ ਦੇ ਪਾਂਧੀਆਂ ਨੂੰ ਕਦੋਂ ਤੀਕ ਮਾਰਨਗੇ।

ਫ਼ਰੇਬੀ ਹੋਏ ਜੁਗਨੂੰਆਂ ਕੀ ਰਸਤਾ ਦਿਖਾਉਣਾ,
ਆਜ਼ਾਦ ਬਾਜ਼ਾਂ ਨੂੰ ਪਿੰਜਰੇ ਕਦੋਂ ਤੀਕ ਤਾੜਨਗੇ।

ਮੁਰਦਾ ਜ਼ਮੀਰ ਨੂੰ ਲਾਂਬੂ ਲਾ ਜਜ਼ਬਾਤਾਂ ਦਾ,
ਮੱਸਿਆ ਦੀ ਰਾਤ ਤਾਰੇ ਕੀਂਕਣ ਚੰਨ ਚਾੜਨਗੇ।

ਸੱਖਣੇ ਹੋਏ ਈਮਾਨ ਤੋਂ ਜੋ ਰਾਖੇ ਮਜ਼ਲਮਾਂ ਦੇ,
ਬੇਸੁੱਧ ਹੋਏ ਮਾਲੀ ਬਾਗ਼ ਕਦੋਂ ਤੀਕ ਉਜਾੜਨਗੇ।

ਦਿਲ ਦਾ ਮਾਸ ਨੋਚਣੇ ਨੂੰ ਇੱਲ੍ਹਾਂ ਤੱਤਪਰ ਨੇ,
ਰੂਹਾਂ ਦੇ ਪੁਤਲੇ ਬੋਝ ਕਦੋਂ ਤੀਕ ਸਹਾਰਨਗੇ।

ਫ਼ਕੀਰ ਦੀ ਕੁੱਲੀ ਜਗੇ ਦੀਵਾ ਸੁੱਚੇ ਸ਼ਬਦਾਂ ਦਾ,
ਹਨੇਰਿਆਂ ਦੇ ਵਾਸੀ ਪੰਨੇ ਕਦੋਂ ਤੀਕ ਪਾੜਨਗੇ।

**ਬਲਕਰਨਵੀਰ ਸਿੰਘ**

**ਈਮੇਲ : singhbalkarn@gmail.com**

## ਜਜ਼ਬਿਆ ਭਰੀ ਕਹਾਣੀ

ਜਿਸ ਦਰ ਮੰਗਣ ਗਿਆ ਪਿਆਸਾ ਓਥੇ ਤਾਂ ਪਾਣੀ ਨਹੀਂ ਸੀ
ਦੌਲਤ ਸ਼ੋਹਰਤ ਬੜੀ ਅਮੀਰੀ ਦਿਲ ਦਾ ਕੋਈ ਹਾਣੀ ਨਹੀਂ ਸੀ

ਦੇਖਣ ਨੂੰ ਫ਼ਲ ਬੜੇ ਸੁਵਾਦੀ ਲੱਗਦੇ ਅੰਦਰੋਂ ਕੌੜੇ ਤੇ ਜ਼ਹਿਰੀਲੇ
ਝੂਠ ਦਾ ਉੱਥੇ ਰੁੱਖ ਸੀ ਲੱਗਾ ਸੱਚ ਦੀ ਕੋਈ ਟਾਹਣੀ ਨਹੀਂ ਸੀ

ਪੱਥਰਾਂ ਦੇ ਸ਼ਹਿਰ ਮੂਰਤਾਂ ਘੜੀਆਂ ,ਘੜਕੇ ਰੱਬ ਬਣਾਇਆ
ਪੱਥਰਾਂ ਆਪੇ ਸਿਜਦਾ ਕੀਤਾ ਗੱਲ ਤਾਂ ਕੋਈ ਸਿਆਣੀ ਨਹੀਂ ਸੀ

ਰੁੱਸੇ ਹਾਸੇ ਮੁੱਕੇ ਰੰਗਲੇ ਮੇਲੇ , ਨਾ ਹੋਵਣ ਜੋਗੀ ਸਾਧਾਂ ਦੇ ਚੇਲੇ
ਜਿਸਮਾਂ ਦੀ ਮੰਡੀ ਅੰਦਰ ਰੂਹ ਦੀ ਤੜਫ਼ ਕਿਸੇ ਪਛਾਣੀ ਨਹੀਂ ਸੀ

ਰੱਬ ਦੀ ਨਗਰੀ ਸ਼ੈਤਾਨ ਵੱਸਦਾ , ਖ਼ੁਦ ਨੂੰ ਭੈੜਾ ਭਗਵਾਨ ਦੱਸਦਾ
ਸਭ ਅੰਧਲੇ ਹੋਏ ਮਨ ਗੰਧਲੇ ਹੋਏ , ਸੱਚ ਤੋਂ ਕੋਈ ਜਾਣੀ ਨਹੀਂ ਸੀ

ਲੰਮੀਆਂ ਵਾਟਾ ਸਫ਼ਰ ਔਖੇਰਾ ,ਖੌਰੇ ਸੱਜਣਾ ਕਦੋਂ ਪਾਉਣਾ ਫੇਰਾ
ਤੁਰਦਾ ਜਾਵਾਂ ਝੁਰਦਾ ਜਾਵਾਂ , ਜਜ਼ਬਿਆਂ ਭਰੀ ਕਹਾਣੀ ਨਹੀਂ ਸੀ

**ਬਲਕਰਨਵੀਰ ਸਿੰਘ**

**ਈਮੇਲ : singhbalkarn@gmail.com**

## ਪੱਤਝੜ

"ਪੱਤਝੜ ਵਿੱਚ ਕੋਈ ਨਾ ਸਾਥੀ,ਬਹਾਰਾਂ ਵਿੱਚ ਸਭ ਨਾਲ ਖੜ੍ਹੇ ਨੇ
ਦੁੱਖ ਵਿੱਚ ਦਰਦ ਵੰਡਾਉਂਦੇ ਥੋੜ੍ਹੇ,ਖੁਸ਼ੀ ਵਿੱਚ ਹੱਸਣ ਵਾਲੇ ਬੜੇ ਨੇ

"ਕਈ ਹਵਾ ਦੇ ਰੁੱਖ ਨਾਲ ਬਦਲਦੇ, ਕੁਝ ਬਦਲਣ ਵਾਂਗ ਮੌਸਮਾਂ ਦੇ
ਵਾਅਦੇ ਕਰ ਉਹੀ ਭੁੱਲਦੇ ,ਜਿੰਨਾ ਦੇ ਸੀਨੇ ਚ' ਪੱਥਰ ਦਿਲ ਜੜ੍ਹੇ ਨੇ

"ਨੇਤਾਵਾਂ ਵਾਂਗ ਹੋ ਗਏ ਇਨਸਾਨ ,ਚਿੱਟੇ ਪਹਿਰਾਵੇ ਚ' ਜਿਵੇਂ ਸ਼ੈਤਾਨ

ਉਨ੍ਹਾਂ ਭਲਾ ਕਿਸੇ ਦਾ ਕੀ ਕਰਨਾ,ਨਸ਼ਿਆਂ ਦੇ ਬਲ ਤੇ ਚੋਣ ਲੜੇ ਨੇ

"ਅਸਲੀਅਤ ਕੁਝ ਹੋਰ ਹੁੰਦੀ , ਲੋਕੀ ਵਿਖਾਵਾ ਕੁਝ ਹੋਰ ਕਰਦੇ
ਅੰਦਰੋਂ ਤਾਂ ਨੇ ਸਭ ਪਿੱਤਲ ਬੇਸ਼ੱਕ ਬਾਹਰੋਂ ਸੋਨੇ ਨਾਲ ਮੜ੍ਹੇ ਨੇ

"ਅਰਮਾਨਾਂ ਦੀ ਕੀਮਤ ਕੀ ਹੈ ਸੱਜਣਾ ਇਹ ਤਾਂ ਸੋਚਾਂ ਦੇ ਪਰਿੰਦੇ
ਕਈ ਵਾਰ ਉਡਾਰੀ ਭਰ ਜਾਂਦੇ ਕਈ ਵਾਰੀ ਅੰਦਰ ਮਰਕੇ ਸੜ੍ਹੇ ਨੇ

"ਇਸ਼ਕ ਕਰਨਾ ਤਾਂ ਸਭ ਜਾਣਦੇ ,ਪਰ ਨਿਭਾਉਣਾ ਕੋਈ-ਕੋਈ ਜਾਣੇ
'ਰਾਂਝੇ' ਵਾਂਗ ਕਈ ਟੁੱਟਕੇ ਇਸ਼ਕ ਚ' ਗਮਾਂ ਦੇ ਸਾਗਰ ਵਿੱਚ ਹੜ੍ਹੇ ਨੇ

**ਬਲਕਰਨਵੀਰ ਸਿੰਘ**

**ਈਮੇਲ : singhbalkarn@gmail.com**

## ਮਰ ਜਾਣਾ ਏ

ਕਿ ਮੈਂ ਚੁੱਪ ਚਪੀਤੇ ਮਿੰਨੇ ਜਿਹੇ ਨੇ
ਕੁਝ ਨਾ ਕੁਝ ਕਰ ਜਾਣਾ ਏ

ਬਹੁਤਾ ਮੈਨੂੰ ਤੰਗ ਨਾ ਕਰ
ਅੱਖਾਂ ਨੇ ਪਾਣੀ ਦੇ ਨਾਲ ਭਰ ਜਾਣਾ ਏ

ਨਰਮ ਤੇ ਸਾਫ਼ ਜਿਹੇ ਦਿਲ ਦਾ ਬੰਦਾ ਹਾਂ ਮੈ
ਡਰਾਇਆਂ ਜੇ ਮੈਂ ਡਰ ਜਾਣਾ ਏ

ਮੈਨੂੰ ਮੇਰੇ ਹਾਲ ਤੇ ਛੱਡ ਦੇ
ਮੇਰਾ ਔਖਾ ਸੌਖਾ ਸਰ ਜਾਣਾ ਏ

ਰੋਜ ਰੋਜ ਮੈਨੂੰ ਮਾਰ ਨਾ
ਵੈਸੇ ਵੀ ਮੈਂ ਇੱਕ ਦਿਨ ਮਰ ਜਾਣਾ ਏ

**ਹਰਮਨਪ੍ਰੀਤ ਸਿੰਘ**

**ਇੰਸਟਾਗ੍ਰਾਮ : ihrmn__writer**

## ਜਗਦੇ ਜੁਗਨੂੰ

ਕਾਲੀਆਂ ਰਾਤਾਂ ਨੇ ਰਾਤ ਸੌਂ ਕੇ ਲੰਘਾਈ
ਚੜਦੀਆਂ ਪ੍ਰਭਾਤਾਂ ਨੇ ਨਿਗਰਾਨੀ ਰੱਖੀ ਏ
ਤੂੰ ਕੱਚੀ ਪਹੀ ਤੇ ਥੋੜਾ ਜਿਹਾ ਤੁਰੀ ਸੀ ਨਾ

ਓਹਨਾਂ ਤੇਰੇ ਪੈੜ ਦੀ ਅੱਜ ਵੀ ਨਿਸ਼ਾਨੀ ਰੱਖੀ ਏ

ਡਰਦੀ ਡਰਦੀ ਜਿਹੀ ਆਈ ਸੀ ਤੂੰ
ਝਾੜੀਆਂ ਨੇ ਵੀ ਸਾਂਭ ਤੇਰੀ ਨਿਸ਼ਾਨੀ ਰੱਖੀ ਏ
ਮੈਂ ਤੈਨੂੰ ਵਾਜ ਮਾਰੀ,ਤੇ ਤੂੰ ਮੁੜ ਕੇ ਝਾਕੀ ਉਸ ਵਕਤ ਡਿੱਗੀ ਤੇਰੇ ਗਲ਼ ਵਾਲੀ ਗਾਨੀ ਰੱਖੀ ਏ

ਤਾਰਿਆਂ ਤੇ ਚੰਨ ਨੂੰ ਇਤਬਾਰ ਨੀ ਆਇਆ,
ਕਿ ਤੂੰ ਮਿਲਣ ਆਈ,ਓਹਨਾਂ ਅੱਜ ਵੀ ਦਿਲ ਚ ਹੈਰਾਨੀ ਰੱਖੀ ਏ
ਕੱਕੇ ਜਿਹੇ ਚੰਨ ਦੇ ਚਾਨਣ ਚ ਜਗਦੇ ਜੁਗਨੂੰਆਂ ਨੇ,
ਤੇਰੀਆਂ ਗੱਲਾਂ ਦੀ ਯਾਦ ਮੂੰਹ ਜ਼ੁਬਾਨੀ ਰੱਖੀ ਏ

ਆਪਣੀ ਏਸ ਸਾਂਝੀ ਮੁਲਾਕਾਤ ਦੀ
ਚੰਨ ਨੇ ਖਿੱਚੀ ਹੋਈ ਤਸਵੀਰ ਦੀ ਨਿਸ਼ਾਨੀ ਰੱਖੀ ਏ
ਤੂੰ ਤੇ ਮੈਂ ਮਿਲਣ ਵਾਲੇ ਕੌਣ ਹੁੰਨੇ ਆਂ
ਉਸ ਖ਼ੁਦਾ ਨੇ ਮਿਲਾਕੇ ਸਾਨੂੰ ਬਸ ਇੱਕ ਮਿਹਰਬਾਨੀ ਰੱਖੀ ਏ

**ਹਰਮਨਪ੍ਰੀਤ ਸਿੰਘ**

**ਇੰਸਟਾਗ੍ਰਾਮ : ihrmn__writer**

## ਅੱਜ ਸਵੇਰੇ

ਮੈਂ ਅੱਜ ਸਵੇਰੇ ਨੰਗੇ ਪੈਰੀਂ

ਸੜਕਾਂ ਤੇ ਘੁੰਮਦੇ ਬੱਚੇ ਦੇਖੇ
ਮੈਂ ਹਾਰ ਪਵਾਉਂਦੇ ਝੂਠੇ ਤੇ
ਸੂਲੀ ਤੇ ਚੜਦੇ ਸੱਚੇ ਦੇਖੇ

ਮੈਂ ਆਪਣਿਆਂ ਦੀ ਕਾਮਯਾਬੀ ਤੋਂ
ਆਪਣੇ ਹੀ ਕਈ ਮੱਚੇ ਦੇਖੇ
ਜੋ ਕਿਸੇ ਦੀ ਵੀ ਗੱਲ ਮੰਨ ਲੈਂਦੇ ਆ
ਮੈਂ ਲੋਕ ਕੰਨਾਂ ਦੇ ਕੱਚੇ ਦੇਖੇ

ਮੈਂ ਕੱਪੜਿਆਂ ਬਾਝੋਂ ਸਰਦੀਆਂ ਵਿੱਚ
ਫੁੱਟਪਾਥ ਤੇ ਸੁੱਤੇ ਨੰਗੇ ਦੇਖੇ
ਮੈਂ ਧਰਮਾਂ ਦੇ ਨਾਵਾਂ ਤੇ ਹੁੰਦੇ
ਗ਼ਲੀ ਮੁਹੱਲੇ ਦੰਗੇ ਦੇਖੇ

ਮੈਂ ਮਾਸੂਮਾਂ ਦੇ ਖ਼ੂਨ ਨਾਲ
ਹੱਥ ਲਾਲ ਕਈਆਂ ਦੇ ਰੰਗੇ ਦੇਖੇ
ਜੋ ਬੰਦੇ ਨੂੰ ਨਾ ਸਮਝਣ ਬੰਦਾ
ਮੈਂ ਇੱਦਾਂ ਦੇ ਵੀ ਬੰਦੇ ਵੇਖੇ

ਮੈਂ ਇੱਕ ਕਲੀ ਦੇ ਵਰਗੀ ਬੱਚੀ
ਕੂੜੇ 'ਚੋਂ ਕੱਢ ਕੇ ਖਾਂਦੀ ਦੇਖੀ
ਮੈਂ ਬਿਨਾਂ ਇਲਾਜੋਂ ਫੌਤ ਹੋਈ ਦਾਦੀ

ਪੋਤੀ ਲੈ ਕੇ ਜਾਂਦੀ ਦੇਖੀ

ਮੈਂ ਫੈਸ਼ਨ ਦੇ ਵਿੱਚ ਫਟੇ ਹੋਏ ਕੱਪੜੇ
ਛਿੱਕੇ ਟੰਗੀ ਪਰਾਂਦੀ ਦੇਖੀ
ਮੈਂ ਮਾੜਿਆਂ ਦਾ ਗਲ਼ ਘੁੱਟ ਘੁੱਟ ਕੇ
ਤਕੜਿਆਂ ਦੀ ਹੁੰਦੀ ਚਾਂਦੀ ਦੇਖੀ

🌀🌀🌀🌀🌀 **ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ : gurigurpreet498**

ਸ਼ਾਇਰੀ ਓਹਦੀ ਪਾਕ ਜਿਹੀ ਹੈ
ਇਸ਼ਕੇ ਦੀ ਕਿਸੇ ਬਾਤ ਜਿਹੀ ਏ
ਓਹਦਾ ਮੁੱਖੜਾ ਚੜਦਾ ਸੂਰਜ
ਅੱਖ ਚਾਨਣੀ ਰਾਤ ਜਿਹੀ ਏ

ਓਹਦੀ ਸ਼ਾਇਰੀ ਪੜ ਕੇ
ਮੇਰੇ ਮਨ ਵਿੱਚ ਇਹ ਤਸਵੀਰ ਬਣੀ ਏ
ਅੱਖਾਂ ਨਾਲ ਨਹੀਂ ਦੇਖਿਆ ਓਹਨੂੰ
ਪਰ ਲੱਗਦਾ ਜਿਉਂ ਨਾਲ ਖੜੀ ਏ

ਗੀਤ ਮੇਰੇ ਓਹਨੂੰ ਚੰਗੇ ਲੱਗਦੇ
ਸ਼ਾਇਰੀ ਮੇਰੀ ਯਾਦ ਏ ਓਹਨੂੰ
ਮੇਰੇ ਵਰਗੇ ਪਾਗ਼ਲ ਦੇ ਲਈ
ਸੱਚੀਂ ਇਹ ਗੱਲ ਬਹੁਤ ਬੜੀ ਏ

ਇਸ਼ਕ ਓਹਨੇ ਵੀ ਕੀਤਾ ਲੱਗਦਾ
ਹੰਝੂਆਂ ਨੂੰ ਵੀ ਪੀਤਾ ਲੱਗਦਾ
ਫੱਟ ਸ਼ਾਇਰੀ ਨਾਲ ਸੀਤਾ ਲੱਗਦਾ
ਤਾਂਹੀ ਤੇ ਅੱਖ ਭਰੀ ਭਰੀ ਏ

ਓਹਦੀ ਸ਼ਾਇਰੀ ਪੜ ਕੇ

ਮੇਰੇ ਮਨ ਵਿੱਚ ਇਹ ਤਸਵੀਰ ਬਣੀ ਏ
ਅੱਖਾਂ ਨਾਲ ਨਹੀਂ ਦੇਖਿਆ ਓਹਨੂੰ
ਪਰ ਲੱਗਦਾ ਜਿਉਂ ਨਾਲ ਖੜੀ ਏ

֍֍֍֍֍ **ਗੁਰਪ੍ਰੀਤ ਗੁਰੀ**

**ਇੰਸਟਾਗ੍ਰਾਮ : gurigurpreet498**

## ਸੰਦੇਸ਼

ਤੁਸੀਂ ਇਸ ਕਿਤਾਬ ਦੀਆਂ ਰਚਨਾਵਾਂ ਨਾਲ ਸੰਬੰਧਿਤ ਆਪਣਾ ਰੀਵਿਊ ਲੇਖਕ ਨੂੰ ਨਿੱਜੀ ਤੌਰ ਤੇ ਮੈਸੇਜ ਜਾਂ ਈਮੇਲ ਕਰ ਕੇ ਦੇ ਸਕਦੇ ਹੋ। ਜੇਕਰ ਤੁਸੀਂ ਇਸ ਕਿਤਾਬ ਦੇ ਅਗਲੇ ਭਾਗ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਾਂ ਤੁਸੀਂ ਸਾਨੂੰ ਆਪਣੀਆਂ ਰਚਨਾਵਾਂ ਈਮੇਲ ਜਾਂ ਵਟਸਐਪ ਤੇ ਭੇਜ ਸਕਦੇ ਹੋ।

ਟੀਮ ਡਿਜੀਟਲ ਕਲਮਾਂ ਵਾਲੇ

**www.punjabilibrary.com**

# ਡਿਜੀਟਲ ਕਲਮਾਂ ਵਾਲੇ

## ਜੂਲਾਈ ੨੦੨੪




+91 97796 70711 & +91 94631 76038

aunde_jande_khiyal digitalkalmanwale@gmail.com